# ਪਹਿਲਗਾਮ ਹਮਲਾ: ਰੀਟਰੀਟ ਰਸਮ ਦੇਖਣ ਲਈ ਸੈਲਾਨੀਆਂ ਦੀ ਗਿਣਤੀ ਘਟੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com

ਪਹਿਲਗਾਮ ਵਿੱਚ ਦਹਿਸ਼ਤੀ ਹਮਲੇ ਤੋਂ ਬਾਅਦ ਅੱਜ ਲਗਾਤਾਰ ਦੂਜੇ ਦਿਨ ਵੀ ਅਟਾਰੀ ਸਰਹੱਦ ਆਵਾਜਾਈ ਪੱਖੋਂ ਸ਼ਾਂਤ ਰਹੀ ਪਰ ਸ਼ਾਮ ਵੇਲੇ ਰੀਟਰੀਟ ਰਸਮ ਤੋਂ ਬਾਅਦ ਪਾਕਿਸਤਾਨ ਵਾਲੇ ਪਾਸਿਓਂ ਇੱਕ ਭਾਰਤੀ ਨਾਗਰਿਕ ਆਪਣੇ ਮੁਲਕ ਵਾਪਸ ਪਰਤਿਆ ਹੈ।

ਮਿਲੀ ਜਾਣਕਾਰੀ ਦੇ ਮੁਤਾਬਕ ਮੁਹੰਮਦ ਜਮੀਲ ਨਾਂ ਦਾ ਇਹ ਵਿਅਕਤੀ ਭਾਰਤੀ ਨਾਗਰਿਕ ਹੈ ਅਤੇ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ ਜਿਸ ਦਾ ਵਿਆਹ 2022 ਵਿੱਚ ਪਾਕਿਸਤਾਨੀ ਕੁੜੀ ਨਾਲ ਹੋਇਆ ਸੀ। ਇਹ ਵਿਅਕਤੀ ਵਿਆਹ ਤੋਂ ਬਾਅਦ ਪਾਕਿਸਤਾਨ ਚਲਾ ਗਿਆ ਸੀ ਅਤੇ ਕਰਾਚੀ ਵਿਖੇ ਰਹਿ ਰਿਹਾ ਸੀ। ਇਹ ਉਸ ਤੋਂ ਬਾਅਦ ਵਾਪਸ ਭਾਰਤ ਨਹੀਂ ਆਇਆ। ਹੁਣ ਪਹਿਲਗਾਮ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਨਾਗਰਿਕ ਆਪੋ ਆਪਣੇ ਮੁਲਕਾਂ ਵਿੱਚ ਜਦੋਂ ਵਾਪਸ ਪਰਤ ਰਹੇ ਹਨ ਤਾਂ ਇਹ ਵਿਅਕਤੀ ਵੀ ਅੱਜ ਆਪਣੇ ਮੁਲਕ ਵਾਪਸ ਪਰਤਿਆ ਹੈ। ਦੱਸਣ ਯੋਗ ਹੈ ਕਿ ਭਾਰਤ ਸਰਕਾਰ ਵੱਲੋਂ 1 ਮਈ ਤੋਂ ਅਟਾਰੀ ਸਰਹੱਦ ਨੂੰ ਆਵਾਜਾਈ ਪੱਖੋਂ ਅਤੇ ਵਪਾਰ ਪੱਖੋਂ ਮੁਕੰਮਲ ਤੌਰ ਤੇ ਬੰਦ ਕਰ ਦਿੱਤਾ ਗਿਆ ਹੈ। ਪਰ ਇਸ ਦੌਰਾਨ ਦੋ ਮਈ ਨੂੰ ਲਗਪਗ ਦੋ ਦਰਜਨ ਤੋਂ ਵੱਧ ਪਾਕਿਸਤਾਨੀ ਨਾਗਰਿਕਾਂ ਨੂੰ ਪਾਕਿਸਤਾਨ ਸਰਕਾਰ ਦੀ ਪੇਸ਼ਕਸ਼ 'ਤੇ ਉਨ੍ਹਾਂ ਦੇ ਮੁਲਕ ਵਾਪਸ ਭੇਜਿਆ ਗਿਆ ਸੀ। ਲੰਘੇ ਕੱਲ੍ਹ ਤਿੰਨ ਮਈ ਨੂੰ ਵੀ ਸਰਹੱਦ ਤੇ ਕੋਈ ਆਵਾਜਾਈ ਨਹੀਂ ਹੋਈ ਪਰ ਅੱਜ ਚਾਰ ਮਈ ਨੂੰ ਇੱਕ ਭਾਰਤੀ ਨਾਗਰਿਕ ਵਾਪਸ ਪਰਤਿਆ ਹੈ।

ਇਸ ਦੌਰਾਨ ਸਰਹੱਦ ਤੇ ਸ਼ਾਮ ਵੇਲੇ ਝੰਡਾ ਉਤਾਰਨ ਦੀ ਹੋ ਰਹੀ ਰਸਮ ਵਿੱਚ ਵੀ ਸੈਲਾਨੀਆਂ ਦੀ ਗਿਣਤੀ ਵੱਡੀ ਗਿਣਤੀ ਵਿੱਚ ਪ੍ਰਭਾਵਿਤ ਹੋਈ ਹੈ ,ਜਿੱਥੇ ਪਹਿਲਾਂ 25 ਤੋਂ 30 ਹਜ਼ਾਰ ਸੈਲਾਨੀ ਇਹ ਰਸਮ ਦੇਖਣ ਵਾਸਤੇ ਆਉਂਦੇ ਸਨ, ਹੁਣ ਸੈਲਾਨੀਆਂ ਦੀ ਗਿਣਤੀ ਘੱਟ ਕੇ ਚਾਰ ਤੋਂ ਪੰਜ ਹਜ਼ਾਰ ਰਹਿ ਗਈ ਹੈ। ਅੱਜ ਸ਼ਾਮ ਵੀ ਝੰਡਾ ਉਤਾਰਨ ਦੀ ਰਸਮ ਦੇਖਣ ਵਾਲੇ ਸੈਲਾਨੀਆਂ ਦੀ ਗਿਣਤੀ ਬਹੁਤ ਘੱਟ ਸੀ। ਭਾਰਤ ਸਰਕਾਰ ਵੱਲੋਂ ਪਹਿਲਗਾਮ ਵਿਖੇ ਵਾਪਰੀ ਘਟਨਾ ਤੋਂ ਬਾਅਦ ਝੰਡਾ ਉਤਾਰਨ ਦੀ ਰਸਮ ਵਿੱਚ ਵੀ ਰੋਸ ਦਾ ਪ੍ਰਗਟਾਵਾ ਕਰਦਿਆਂ ਪਰੇਡ ਕਮਾਂਡਰ ਨਾਲ ਹੱਥ ਮਿਲਾਉਣ ਦਾ ਸਿਲਸਿਲਾ ਬੰਦ ਕਰ ਦਿੱਤਾ ਗਿਆ ਹੈ ਅਤੇ ਝੰਡਾ ਉਤਾਰਨ ਸਮੇਂ ਗੇਟ ਵੀ ਬੰਦ ਰੱਖਿਆ ਜਾਂਦਾ ਹੈ ਜੋ ਪਹਿਲਾਂ ਖੁੱਲ੍ਹਾ ਹੁੰਦਾ ਸੀ ਅਤੇ ਪਰੇਡ ਕਮਾਂਡਰ ਆਪਸ ਵਿੱਚ ਹੱਥ ਮਿਲਾਉਂਦੇ ਸਨ।

# ਅਕੇਡੀਆ ਵਰਲ਼ਡ ਸਕੂਲ ਵਿਖੇ ਕਰਵਾਏ ਗਏ ਅੰਗਰੇਜ਼ੀ ਐਕਸਟੈਂਮਪੋਰ ਦੇ ਮੁਕਾਬਲੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਸੁਨਾਮ ਉਧਮ ਸਿੰਘ ਵਾਲਾ,4 ਮਈ (ਜਗਸੀਰ ਲੌਂਗੋਵਾਲ)- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਅਕੇਡੀਆ ਵਰਲ਼ਡ ਸਕੂਲ ਵਿਖੇ ਜਮਾਤ ਪੰਜਵੀਂ ਅਤੇ ਛੇਵੀਂ ਵਿਚਕਾਰ ' ਅੰਗਰੇਜ਼ੀ ਐਕਸਟੈਮਪੋਰ ਮੁਕਾਬਲੇ' ਕਰਵਾਏ ਗਏ। ਇਹ ਮੁਕਾਬਲਾ ਜਮਾਤ ਪੰਜਵੀਂ ਅਤੇ ਛੇਵੀਂ ਦੇ ਸੈੱਕਸ਼ਨ (ਲਾਇਲੈਕ ਅਤੇ ਐਸਟਰ) ਵਿਚਕਾਰ ਕਰਵਾਇਆ ਗਿਆ। ਇਸ ਮੁਕਾਬਲੇ ਦੀ ਤਿਆਰੀ ਅੰਗਰੇਜ਼ੀ ਅਧਿਆਪਕਾ ਮਿਸ ਮਨਦੀਪ ਕੌਰ ਅਤੇ ਲਵਪ੍ਰੀਤ ਸਿੰਘ ਵੱਲੋਂ ਕਰਵਾਈ ਗਈ। ਇਹ ਮੁਕਾਬਲੇ ਦੋ ਰਾਊਂਡ ਵਿੱਚ ਕਰਵਾਏ ਗਏ। ਜਿਸ ਵਿੱਚ 19 ਵਿਦਿਆਰਥੀਆਂ ਜਮਾਤ ਪੰਜਵੀਂ ਵਿੱਚੋਂ ਮਨਪ੍ਰੀਤ ਸਿੰਘ, ਗੁਨਜੋਤ ਸਿੰਘ, ਹਰਨਿਭ ਸਿੰਘ, ਜਸਪੁਨੀਤ ਕੌਰ ,ਸਰਗੁਣ ਕੌਰ, ਰਾਧੇਸ਼ ਬਾਂਸਲ ,ਰੂਹਾਨੀ ਕੌਰ ,ਸੁਖਮਨਵੀਰ ਕੌਰ, ਰਿਯਾਨ ਮੋਦਗਿਲ ,ਉਤਕਰਸ਼ ਗੋਇਲ, ਗੁਰਮਨਵੀਰ ਸਿੰਘ ਅਤੇ ਜਮਾਤ ਛੇਵੀਂ ਵਿੱਚੋਂ ਰਾਧੇਸ਼ ਜਿੰਦਲ, ਗੁਰਸ਼ਾਨ ਸਿੰਘ, ਰਫ਼ਤਾਰ ਸਿੰਘ, ਜੀਵਿਕਾ, ਬਦਰਿਸ਼ ਕਾਂਸਲ, ਯਾਹਵੀ ਸ਼ਰਮਾ, ਏਕਨੂਰ ਸਿੰਘ , ਪ੍ਰੀਕਸ਼ੀਤ ਨੂੰ ਫਾਈਨਲ ਮੁਕਾਬਲੇ ਲਈ ਚੁਣਿਆ ਗਿਆ। ਇਸ ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਅੰਗਰੇਜ਼ੀ ਡਿਪਾਰਟਮੈਂਟ ਦੇ ਐਚ.ਓ.ਡੀ. ਮਿਸ ਬਿੰਦੀਆ ਵੱਲੋਂ ਨਿਭਾਈ ਗਈ। ਇਹ ਮੁਕਾਬਲਾ ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਮੁਕਾਬਲੇ ਦਾ ਮੁਲਾਂਕਣ ਹੇਠ ਲਿਖੇ ਮਾਪਦੰਡਾਂ ਅਨੁਸਾਰ ਕੀਤਾ ਗਿਆ ਸੀ 'ਬੋਲਣ ਦਾ ਹੁਨਰ, ਵਿਸ਼ੇ ਦੀ ਚੋਣ, ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਪੇਸ਼ਕਾਰੀ । ਬੱਚਿਆਂ ਵੱਲੋਂ ਬੋਲਣ ਦੇ ਵਿਸ਼ੇ ਬਹੁਤ ਹੀ ਸਿੱਖਿਆਦਾਇਕ ਸਨ। ਵਿਦਿਆਰਥੀਆਂ ਨੇ ਆਪਣੇ ਵਿਚਾਰਾਂ ਨੂੰ ਬਹੁਤ ਸੋਹਣੇ ਢੰਗ ਨਾਲ਼ ਪੇਸ਼ ਕੀਤਾ। ਉਹਨਾਂ ਨੇ ਪੂਰੇ ਹੌਂਸਲੇ ਅਤੇ ਆਤਮਵਿਸ਼ਵਾਸ ਦੇ ਨਾਲ਼ ਇਸ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਯਾਹਵੀ ਸ਼ਰਮਾ (ਛੇਵੀਂ ਲਾਇਲੈਕ) ਦੂਜੇ ਸਥਾਨ ਤੇ ਏਕਨੂਰ ਸਿੰਘ (ਛੇਵੀਂ ਲਾਇਲੈਕ) ਤੀਜੇ ਸਥਾਨ ਤੇ ਸੁਖਮਨਵੀਰ ਕੌਰ (ਪੰਜਵੀਂ ਲਾਇਲੈਕ), ਰਿਯਾਨ ਮੋਦਗਿਲ (ਪੰਜਵੀਂ ਲਾਇਲੈਕ) ਨੇ ਹਾਸਲ ਕੀਤਾ । ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਬੱਚਿਆਂ ਨੂੰ ਸਰਟੀਫ਼ਿਕੇਟ ਦਿੱਤੇ ਗਏ ਅਤੇ ਉਹਨਾਂ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਹੋਇਆ ਹੌਂਸਲਾ ਅਫ਼ਜਾਈ ਕੀਤੀ। ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਅਨੁਸਾਰ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦਾ ਆਤਮ -ਵਿਸ਼ਵਾਸ ਵਧਾਉਂਦੇ ਹਨ ਅਤੇ ਉਹਨਾਂ ਨੂੰ ਇੱਕ ਚੰਗਾ ਪਲੇਟਫਾਰਮ ਦਿੰਦੇ ਹਨ। ਉਹਨਾਂ ਨੇ ਬੱਚਿਆਂ ਨੂੰ ਬਹੁਤ ਸ਼ੁੱਭਕਾਮਨਾਵਾਂ ਦਿੱਤੀਆਂ।

# ਪੁਲਿਸ ਪੈਨਸ਼ਨਰਜ ਜਿਲਾ ਮਾਨਸਾ ਨੇ ਮੀਟਿੰਗ ਦੌਰਾਨ ਜਰੂਰੀ ਮਸਲਿਆ ਨੂੰ ਵਿਚਾਰਦਿਆ ਸਹਿਮਤੀ ਨਾਲ ਮਤੇ ਕੀਤੇ ਪਾਸ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

ਮਾਨਸਾ( ਡਾ.ਸੰਦੀਪ ਘੰਡ)

ਪੁਲਿਸ ਪੈਨਸ਼ਨਰਜ ਜਿਲਾ ਇਕਾਈ ਮਾਨਸਾ ਵੱਲੋਂ ਅੱਜ ਆਪਣੇ ਦਫਤਰ ਵਿੱਚ ਮਹੀਨਾਵਾਰ ਮੀਟਿੰਗ ਕੀਤੀ ਗਈ। ਪਿਛਲੇ ਮਾਂਹ ਦੌਰਾਨ ਸਵਰਗਵਾਸ ਹੋਏ ਸਾਥੀ ਸ੍ਰੀ ਕਰਮਜੀਤ ਸਿੰਘ ਮਾਨਸਾ ਨੂੰ ਸਰਧਾਂਜਲੀ ਦਿੱਤੀ ਗਈ ਅਤੇ ਨਵੇਂ ਪੈਨਸ਼ਨ ਆਏ 4 ਸਾਥੀਆ ਗਮਦੂਰ ਸਿੰਘ ਮਾਨਸਾ, ਮਨੋਹਰ ਲਾਲ ਭੀਖੀ, ਨਾਇਬ ਸਿੰਘ ਫੌਜੀ ਰਾਏਪੁਰ, ਦਰਸ਼ਨ ਸਿੰਘ ਭੈਣੀਬਾਘਾ ਅਤੇ ਹਰਪਾਲ ਸਿੰਘ ਭਾਗੀਵਾਂਦਰ ਦੇ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਪ੍ਰਧਾਨ ਗੁਰਚਰਨ ਸਿੰਘ ਮੰਦਰਾਂ ਵੱਲੋਂ ਸਾਰੇ ਸਾਥੀਆ ਨੂੰ ਜੀ ਆਇਆ ਆਖਿਆ ਗਿਆ। ਉਹਨਾਂ ਦੀ ਸਿਹਤ ਦਾ ਹਾਲ ਚਾਲ ਅਤੇ ਪਰਿਵਾਰਕ ਦੁੱਖ ਤਕਲੀਫ ਜਾਂ ਕੋਈ ਸਮੱਸਿਆ ਆਦਿ ਬਾਰੇ ਪੁੱਛਿਆ ਗਿਆ ਤੇ ਵਿਸ਼ਵਾਸ ਦਿਵਾਇਆ ਗਿਆ ਕਿ ਬਣਦਾ ਯੋਗ ਹੱਲ ਕਰਨ ਦੇ ਯਤਨ ਕੀਤੇ ਜਾਣਗੇ। ਪ੍ਰਧਾਨ ਵੱਲੋਂ ਸੰਸਥਾਂ ਦੇ ਆਹੁਦੇਦਾਰਾ ਪਾਸੋਂ ਉਹਨਾਂ ਦੇ ਕੰਮਕਾਜ ਦੀ ਪ੍ਰਗਤੀ ਸਬੰਧੀ ਵੀ ਪੁੱਛਿਆ ਗਿਆ ਅਤੇ ਪੈਨਸ਼ਨਰਾਂ ਦੇ ਪੈਡਿੰਗ ਕੰਮ ਤੁਰੰਤ ਨੇਪਰੇ ਚਾੜ੍ਹਨ ਲਈ ਕਿਹਾ ਗਿਆ।

ਪ੍ਰਧਾਨ ਵੱਲੋਂ ਦੱਸਿਆ ਗਿਆ ਕਿ 31-12-2015 ਤੱਕ ਰਿਟਾਇਰਮੈਂਟ ਹੋਏ ਸਾਥੀਆ ਦਾ ਪੈਡਿੰਗ ਏਰੀਅਰ ਉਹਨਾਂ ਦੇ ਖਾਤਿਆਂ ਵਿੱਚ ਪੈ ਚੁੱਕਾ ਹੈ। ਮਿਤੀ 1-1-2016 ਤੋਂ ਬਾਅਦ ਰਿਟਾਇਰਮੈਂਟ ਹੋਏ ਸਾਥੀਆ ਦਾ ਪੈਡਿੰਗ ਏਰੀਅਰ ਦੇਣ ਲਈ ਜਿਲਾ ਪੁਲਿਸ ਦਫਤਰ ਵੱਲੋਂ ਲੋੜੀਦੀ ਕਾਰਵਾਈ ਮੁਕੰਮਲ ਕੀਤੀ ਜਾ ਰਹੀ ਹੈ।

ਪ੍ਰਧਾਨ ਵੱਲੋਂ ਸੰਸਥਾਂ ਵਿੱਚ ਏ.ਸੀ. ਲਾਉਣ, ਪੁਰਾਣੇ ਕੰਡਮ ਦਰਵਾਜੇ ਬਦਲ ਕੇ ਸਟੀਲ ਦੇ ਨਵੇਂ ਲਗਾਉਣ ਸਬੰਧੀ ਸਭਾ ਵਿੱਚ ਮਤਾ ਪੇਸ਼ ਕਰਨ ਤੇ ਸਾਰੇ ਮੈਂਬਰਾ ਵੱਲੋਂ ਸਹਿਮਤੀ ਦੇ ਕੇ ਪਾਸ ਕੀਤਾ ਗਿਆ। ਸੰਸਥਾ ਵਿਖੇ ਦਫਤਰ ਦਾ ਫਰਸ਼ ਨਵਾਂ ਲਗਾਉਣ ਸਬੰਧੀ ਸਹਿਮਤੀ ਨਾਲ ਐਸਟੀਮੇਟ ਬਣਾ ਕੇ ਸ੍ਰੀ ਚਰਨਜੀਤ ਸਿੰਘ ਅੱਕਾਂਵਾਲੀ ਚੇਅਰਮੈਨ ਜਿਲਾ ਯੋਜਨਾ ਬੋਰਡ ਪਾਸ ਜਲਦੀ ਭੇਜਿਆ ਜਾਵੇਗਾ।

ਇਸ ਤੋਂ ਇਲਾਵਾ ਸਟੇਜ ਸਕੱਤਰ ਪ੍ਰੀਤਮ ਸਿੰਘ ਬੁਢਲਾਡਾ, ਸੁਖਵਿੰਦਰ ਸਿੰਘ ਧਾਲੀਵਾਲ, ਬੰਤ ਸਿੰਘ ਫੂਲਪੁਰੀ ਮੀਤ ਪ੍ਰਧਾਨ ਸਟੇਟ ਬਾਡੀ, ਬੂਟਾ ਸਿੰਘ ਤੇ ਦਰਸ਼ਨ ਕੁਮਾਰ ਗੇਹਲੇ ਸੀਨੀਅਰ ਮੀਤ ਪ੍ਰਧਾਨ ਵੱਲੋਂ ਧਾਰਮਿਕ ਗਿਆਨ, ਪੈਨਸ਼ਨਰਜ ਦੀਆ ਹੱਕੀ ਮੰਗਾਂ, ਪੇਸ਼ ਆ ਰਹੀਆ ਸਮੱਸਿਆਵਾ ਅਤੇ ਹੋਰ ਸਬੰਧਤ ਮਸਲਿਆ ਤੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ।

ਅਖੀਰ ਵਿੱਚ ਬਿੱਕਰ ਸਿੰਘ ਕੈਸ਼ੀਅਰ, ਜਸਪਾਲ ਸਿੰਘ ਸਮਾਓ, ਗੁਰਜੰਟ ਸਿੰਘ ਫੱਤਾਮਾਲੋਕਾ, ਹਰਜਿੰਦਰ ਸਿੰਘ ਭੀਖੀ, ਬਲਜੀਤ ਸਿੰਘ ਕੋਟੜਾ, ਜਸਵਿੰਦਰ ਸਿੰਘ ਕੁਸਲਾ, ਗੁਰਪਿਆਰ ਸਿੰਘ ਵੱਲੋਂ ਮੀਟਿੰਗ ਵਿੱਚ ਹਾਜ਼ਰ ਆਏ ਸਾਰੇ ਪੈਨਸ਼ਨਰ ਸਾਥੀਆ ਦਾ ਧੰਨਵਾਦ

# ਬੱਚਿਆਂ ਨੂੰ ਮੋਬਾਇਲ ਫੋਨ ਦੀ ਆਦਤ ਤੋਂ ਬਚਾਇਆ ਜਾਵੇ : ਸ਼ਿਵਮ ਸ਼ਰਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

ਜ਼ੀਰਾ 4 ਮਈ ( ਅੰਗਰੇਜ ਬਰਾੜ ) - ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦੀ ਆਦਤ ਵਾਂਗ ਮੋਬਾਇਲ ਫੋਨ ਦੀ ਆਦਤ ਵੀ ਇੱਕ ਨਸ਼ਾ ਹੈ, ਇਸ ਲਈ ਬੱਚਿਆਂ ਨੂੰ ਮੋਬਾਇਲ ਫੋਨ ਦੀ ਆਦਤ ਤੋਂ ਬਚਾਉਣਾ ਬੇਹੱਦ ਜਰੂਰੀ ਹੈ! ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਫਿਰੋਜਪੁਰ ਗਰੁੱਪ ਆਫ ਕਾਲਜ ਫਿਰੋਜ਼ਸ਼ਾਹ ਅਤੇ ਟੀ ਬੀ ਐਸ ਇੰਟਰਨੈਸ਼ਨਲ ਪਬਲਿਕ ਸਕੂਲ ਫਿਰੋਜ਼ਸ਼ਾਹ ਦੇ ਜਨਰਲ ਸੈਕਟਰੀ ਸ੍ਰੀ ਸ਼ਿਵਮ ਸ਼ਰਮਾ ਨੇ ਫਿਰੋਜ਼ਪੁਰ ਵਿਖੇ ਪੱਤਰਕਾਰਾਂ ਕੋਲ ਕੀਤਾ! ਉਹਨਾਂ ਕਿਹਾ ਕਿ ਅੱਜ ਕੱਲ ਜਿਆਦਾਤਰ ਮਾਵਾਂ ਆਪਣੇ ਕੰਮ ਕਾਰ ਕਰਨ ਲਈ ਆਪਣੇ ਬੱਚਿਆਂ ਨੂੰ ਮੋਬਾਇਲ ਫੋਨ ਫੜਾ ਦਿੰਦੀਆਂ ਹਨ, ਜਿਸ ਕਰਕੇ ਬੱਚੇ ਮੋਬਾਇਲ ਫੋਨਾਂ ਦੀ ਆਦਤ ਦੇ ਸ਼ਿਕਾਰ ਹੋ ਰਹੇ ਹਨ! ਸ਼ਿਵਮ ਸ਼ਰਮਾ ਨੇ ਅੱਗੇ ਕਿਹਾ ਕਿ ਸਕੂਲਾਂ ਵਿੱਚ ਪੜਨ ਵਾਲੇ ਬੱਚੇ ਵੀ ਮੋਬਾਇਲ ਫੋਨਾਂ ਦੀ ਆਦਤ ਦੇ ਸ਼ਿਕਾਰ ਹੋ ਰਹੇ ਹਨ! ਉਹਨਾਂ ਕਿਹਾ ਕਿ ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਮੋਬਾਇਲ ਫੋਨ ਨਾ ਵਰਤਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ! ਉਹਨਾਂ ਕਿਹਾ ਕਿ ਮੋਬਾਈਲ ਫੋਨ ਜਿੱਥੇ ਬੱਚਿਆਂ ਤੇ ਅਤੇ ਹਰ ਇਨਸਾਨ ਦੀ ਨਜ਼ਰ ਤੇ ਮਾਰੂ ਪ੍ਰਭਾਵ ਪਾਉਂਦਾ ਹੈ, ਉੱਥੇ ਦਿਮਾਗ ਦੇ ਵੀ ਮੋਬਾਇਲ ਫੋਨ ਬੁਰਾ ਪ੍ਰਭਾਵ ਪਾ ਰਹੇ ਹਨ! ਸ੍ਰੀ ਸ਼ਰਮਾ ਨੇ ਕਿਹਾ ਕਿ ਉਹਨਾਂ ਦੇ ਸਕੂਲ ਟੀ ਬੀ ਐਸ ਇੰਟਰਨੈਸ਼ਨਲ ਸਕੂਲ ਵਿੱਚ ਅਧਿਆਪਕਾਂ ਵੱਲੋਂ ਇੱਕ ਪੀਰੀਅਡ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰਹਿਣ ਲਈ ਲਗਾਇਆ ਜਾ ਰਿਹਾ ਹੈ ਅਤੇ ਸਕੂਲ ਪੜ੍ਹਨ ਵਾਲੇ ਬੱਚਿਆਂ ਨੂੰ ਸਕੂਲ ਵਿੱਚ ਫੋਨ ਨਾ ਲੈ ਕੇ ਆਉਣ ਤੇ ਮੁਕੰਮਲ ਪਾਬੰਦੀ ਹੈ! ਸ੍ਰੀ ਸ਼ਿਵਮ ਸ਼ਰਮਾ ਨੇ ਇਹ ਵੀ ਕਿਹਾ ਕਿ ਮੋਬਾਇਲ ਫੋਨ ਦੀ ਵੱਧ ਵਰਤੋਂ ਕਰਨ ਵਾਲਾ ਵਿਦਿਆਰਥੀ ਪੜ੍ਹਾਈ ਵਿੱਚ ਦੂਸਰੇ ਵਿਦਿਆਰਥੀਆਂ ਨਾਲੋਂ ਕਮਜ਼ੋਰ ਹੋਵੇਗਾ! ਅਖੀਰ ਵਿੱਚ ਉਹਨਾਂ ਕਿਹਾ ਕਿ ਬੱਚਿਆਂ ਨੂੰ ਮੋਬਾਇਲ ਫੋਨ



ਤੋਂ ਬਚਾਉਣਾ ਬੇਹੱਦ ਜਰੂਰੀ ਹੈ! ਇਸ ਮੌਕੇ ਸ੍ਰੀ ਸ਼ਿਵਮ ਸ਼ਰਮਾ ਦੇ ਨਾਲ ਫਿਰੋਜਪੁਰ ਗਰੁੱਪ ਗਰੁੱਪ ਆਫ ਕਾਲਜ ਫਿਰੋਜਸ਼ਾਹ ਦੇ ਚੇਅਰਮੈਨ ਸ੍ਰੀ ਹੀਰਾ ਲਾਲ ਸ਼ਰਮਾ, ਟੀ ਬੀ ਐਸ ਇੰਟਰਨੈਸ਼ਨਲ ਪਬਲਿਕ ਸਕੂਲ ਫਿਰੋਜ਼ਸ਼ਾਹ ਦੇ ਐਮ ਡੀ ਮੈਡਮ ਦੀਪਾਲੀ ਸ਼ਰਮਾ, ਪ੍ਰਿੰਸੀਪਲ ਰੇਖਾ ਪਾਸੀ ਆਦਿ ਹਾਜ਼ਰ ਸਨ!

# ਫੌਜ ਨੇ ਫਿਰੋਜ਼ਪੁਰ ਚ ਬਲੈਕ ਆਊਟ ਕਰਕੇ ਮੌਕ ਡਰਿੱਲ ਰਾਹੀ ਜੰਗੀ ਅਭਿਆਸ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਫਿਰੋਜ਼ਪੁਰ : ਪੰਜਾਬ ਦੇ ਸਰਹੱਦੀ ਜ਼ਿਲੇ ਫਿਰੋਜ਼ਪੁਰ ਦੀ ਛਾਉਣੀ 'ਚ ਅੱਜ ਫੌਜ ਵੱਲੋਂ ਅੱਜ ਬਲੈਕ ਆਊਟ ਕਰਕੇ ਮੌਕ ਡਰਿੱਲ ਰਾਹੀ ਯੁੱਧ ਸਮੇ ਦੀ ਸਥਿਤੀ ਦਾ ਅਭਿਆਸ ਕੀਤਾ ਇਸ ਮੌਕੇ ਫੌਜੀ ਸਾਇਰਨ ਵੱਜਣੇ ਸ਼ੁਰੂ ਹੋ ਗਏ ਸਨ। ਭਾਰਤ- ਪਾਕਿ ਵਿੱਚ ਬਣ ਰਹੇ ਜੰਗ ਵਾਲੇ ਹਾਲਾਤਾਂ ਨੂੰ ਦੇਖਦਿਆਂ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਜੰਗੀ ਅਭਿਆਸ ਕੀਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਫਿਰੋਜ਼ਪੁਰ ਛਾਉਣੀ ਖੇਤਰ 'ਚ ਬਿਜਲੀ ਮੁਕੰਮਲ ਤੌਰ 'ਤੇ ਬੰਦ ਕੀਤੀ ਗਈ। ਫੌਜ ਨੇ ਲੋਕਾਂ ਨੂੰ ਹਦਾਇਤ ਕੀਤੀ ਸੀ ਕਿ ਉਹ ਬਿਜਲੀ ਬੰਦ ਸਮੇਂ ਆਪਣੇ ਘਰਾਂ ਦੇ ਜਰਨੇਟਰ ਅਤੇ ਹੋਰ ਡਿਵਾਈਸ ਵੀ ਮੁਕੰਮਲ ਤੌਰ 'ਤੇ ਬੰਦ ਰੱਖਣ। ਛਾਉਣੀ ਬੋਰਡ ਦੇ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਇੱਕ ਪੱਤਰ ਲਿਖ ਕੇ ਇਸ ਬਾਰੇ ਪਹਿਲਾਂ ਜਾਣਕਾਰੀ ਦਿੱਤੀ

# ਕਾਂਗਰਸ ਪਾਰਟੀ ਦੇ ਸੰਵਿਧਾਨ ਨੂੰ ਬਚਾਉਣ ਲਈ ਸੂਬਾ ਅਤੇ ਜ਼ਿਲ੍ਹਾ ਪੱਧਰੀ ਰੈਲੀ ਦੀਆਂ ਤਿਆਰੀਆਂ ਲਈ ਹੋਈ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਮਾਨਸਾ 4ਮਈ (ਆਤਮਾ ਸਿੰਘ ਪਮਾਰ)

ਕਾਂਗਰਸ ਪਾਰਟੀ ਵੱਲੋਂ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਪੰਜਾਬ ਅਤੇ ਜ਼ਿਲ੍ਹਾ ਪੱਧਰੀ ਰੈਲੀਆਂ ਦੀ ਤਿਆਰੀ ਲਈ ਜ਼ਿਲ੍ਹਾ ਕਾਂਗਰਸ ਕਮੇਟੀ ਮਾਨਸਾ ਵੱਲੋਂ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ ਦੀ ਪ੍ਰਧਾਨਗੀ ਹੇਠ ਇੱਕ ਅਹਿਮ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਅਤੇ ਜ਼ਿਲ੍ਹਾ ਕੁਆਰਡੀਨੇਟਰ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਸ੍ਰੀ ਰਾਹੁਲ ਗਾਂਧੀ ਅਤੇ ਅਤੇ ਕੌਮੀ ਪ੍ਰਧਾਨ ਮਲਿਕ ਅਰਜੁਨ ਖੜਗੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੰਵਿਧਾਨ ਬਚਾਓ ਰੈਲੀ ਤਹਿਤ ਸੰਗਰੂਰ ਵਿਖੇ 18 ਮਈ ਨੂੰ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਉਪਰੰਤ ਸੂਬੇ 'ਚ ਜ਼ਿਲ੍ਹਾ ਪੱਧਰੀ ਅਤੇ ਬਲਾਕ ਪੱਧਰੀ ਰੈਲੀਆਂ ਵੀ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੀਆਂ ਸੰਵਿਧਾਨਿਕ ਸੰਸਥਾਵਾਂ ਨਾਲ ਮੌਜੂਦਾ ਕੇਂਦਰ ਸਰਕਾਰ ਵੱਲੋਂ ਛੇੜਛਾੜ ਕੀਤੀ ਜਾ ਰਹੀ ਹੈ ਤਾਂ ਉਸ ਤੋਂ ਲੱਗਦਾ ਹੈ ਆਉਣ ਵਾਲੇ ਦਿਨਾਂ ਵਿੱਚ ਲੋਕਾਂ ਦੀ ਅਵਾਜ਼ ਨੂੰ ਬੰਦ ਕਰਨ ਦੇ ਯਤਨ ਹੋ ਰਹੇ ਹਨ। ਉਹਨਾਂ ਕਿਹਾ ਕਿ ਮੋਦੀ ਸਰਕਾਰ ਪਹਿਲਗਾਮ ਵਿਖੇ ਅੱਤਵਾਦੀ ਹਮਲੇ ਵਿਚ ਮਾਰੇ ਗਏ ਪਰਿਵਾਰਾਂ ਨੂੰ ਇਨਸਾਫ ਨਹੀਂ ਦੇ ਸਕੀ ਉਲਟਾ ਬੀ ਜੇ ਪੀ ਟਰੋਲ ਆਰਮੀ ਵੱਲੋਂ ਹਮਲੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਖਿਲਾਫ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਜਿਸ ਕਾਰਨ ਦੇਸ਼ ਦੇ ਲੋਕਾਂ ਵਿੱਚ ਮੋਦੀ ਸਰਕਾਰ ਦੇ ਖ਼ਿਲਾਫ਼ ਭਾਰੀ ਗੁੱਸਾ ਅਤੇ ਰੋਹ ਹੈ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਪਹਿਲਗਾਮ ਹਮਲੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਖੜੀ ਹੈ ਅਤੇ ਉਹਨਾਂ ਨੂੰ ਇਨਸਾਫ ਦਿਵਾਉਣ ਦੀ ਲੜਾਈ ਲੜ ਰਹੀ ਹੈ। ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਸੂਬਾ ਪੱਧਰੀ ਰੈਲੀ ਲਈ ਵਿਆਪਕ ਪੱਧਰ ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਮਾਨਸਾ ਜ਼ਿਲ੍ਹੇ ਵੱਲੋਂ ਰੈਲੀ 'ਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਜ਼ਿਲ੍ਹਾ ਪੱਧਰੀ ਰੈਲੀ ਲਈ ਵੀ ਵੱਡੀ ਪੱਧਰ ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਬਿਕਰਮ ਸਿੰਘ ਮੋਫ਼ਰ, ਬਲਕੌਰ ਸਿੰਘ ਮੂਸਾ, ਰਣਵੀਰ ਕੌਰ ਮੀਆਂ, ਸੱਤਪਾਲ ਸਿੰਘ ਮੂਲੇਵਾਲਾ, ਗੁਰਪ੍ਰੀਤ ਸਿੰਘ ਵਿੱਕੀ, ਕੁਲਵੰਤ ਰਾਏ ਸਿੰਗਲਾ, ਰਿੰਪੀ ਬਰਾੜ, ਸੁਰੇਸ਼ ਕੁਮਾਰ ਨੰਦਗੜ੍ਹੀਆ, ਮਨਦੀਪ ਸਿੰਘ ਗੋਰਾ, ਸੁਖਦਰਸ਼ਨ ਸਿੰਘ ਖਾਰਾ, ਐਡਵੋਕੇਟ ਬਲਕਰਨ ਸਿੰਘ ਬੱਲੀ, ਤਰਜੀਤ ਸਿੰਘ ਚਹਿਲ, ਅੰਮ੍ਰਿਤਪਾਲ ਸਿੰਘ ਕੂਕਾ, ਬਲਵੰਤ ਸਿੰਘ ਕੋਰਵਾਲਾ, ਨਵੀਨ ਕਾਲਾ ਬੋਹਾ, ਨੇਮ ਚੰਦ ਚੌਧਰੀ, ਚੰਦਰ ਸ਼ੇਖਰ ਨੰਦੀ, ਕਮਲ ਚੁਨੀਆਂ, ਖੇਮ ਸਿੰਘ ਜਟਾਣਾਂ, ਗੁਰਮੇਲ ਸਿੰਘ ਦਲੇਲ ਸਿੰਘ ਵਾਲਾ, ਅੰਮ੍ਰਿਤਪਾਲ ਸਿੰਘ ਗੋਗਾ, ਰਾਮ ਸਿੰਘ ਫਤਿਹਪੁਰ, ਪਵਨ ਕੁਮਾਰ ਐਮ ਸੀ, ਸੰਦੀਪ ਸ਼ਰਮਾ ਐਮ ਸੀ, ਚਮਕੌਰ ਸਿੰਘ ਮੂਸਾ, ਜਗਦੀਪ ਸਿੰਘ, ਹਰਬੰਸ ਸਿੰਘ, ਤੀਰਥ ਸਵੀਟੀ, ਬਲਦੇਵ ਸਿੰਘ ਰੜ, ਬਲਜੀਤ ਸ਼ਰਮਾ, ਸਰਬਜੀਤ ਸਿੰਘ ਮੀਆਂ, ਹਰਵਿੰਦਰ ਭਾਰਦਵਾਜ, ਜਗਰਾਜ ਸਿੰਘ, ਪ੍ਰਸ਼ਾਂਤ ਕੁਮਾਰ, ਸੁਖਦੇਵ ਸਿੰਘ ਉਭਾ, ਸਵਰਨ ਸਿੰਘ ਖੁਡਾਲ, ਪ੍ਰਦੀਪ ਬਿੱਟੂ ਆਦਿ ਵੀ ਹਾਜ਼ਰ ਸਨ।

# ਨਸ਼ੀਲੀਆ ਗੋਲੀਆ ਸਮੇਤ ਪੁਲਿਸ ਨੇ ਕੀਤਾ ਇੱਕ ਕਥਿਤ ਦੋਸ਼ੀ ਨੂੰ ਗ੍ਰਿਫਤਾਰ !

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਹੁਸ਼ਿਆਰਪੁਰ 4 ਮਈ ( ਤਰਸੇਮ ਦੀਵਾਨਾ ) ਸੰਦੀਪ ਕੁਮਾਰ ਮਲਿਕ ਆਈ.ਪੀ. ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਬਲਵਿੰਦਰ ਸਿੰਘ ਡੀ. ਐਸ. ਪੀ. ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਤਹਿਤ ਏ. ਐਸ. ਆਈ. ਅਨਿਲ ਕੁਮਾਰ ਸਮੇਤ ਸਾਥੀ ਕਰਮਚਾਰੀਆ ਨੇ ਮੁਲਜਮ ਉਦੇਸ਼ ਕੁਮਾਰ ਪੁੱਤਰ ਬਾਬੂ ਰਾਮ ਵਾਸੀ ਬਲੱਗਣ ਥਾਣਾ ਦਸੂਹਾ ਨੂੰ 32 ਖੁੱਲੀਆ ਨਸ਼ੀਲੀਆ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਐਨ.ਡੀ. ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।ਜਿਸਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਉਸ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਗਰਮੀਆਂ ਵਿੱਚ ਪੰਛੀਆਂ ਲਈ ਰੱਖੋ ਪਾਣੀ....

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

ਪਾਣੀ ਹਰ ਜੀਵ ਜੰਤੂ ਲਈ ਜ਼ਰੂਰੀ ਹੈ। ਗਰਮੀਆਂ ਵਿੱਚ ਤਾਂ ਪਾਣੀ ਕਮੀ ਹਰ ਜੀਵ ਜੰਤੂ ਨੂੰ ਹੁੰਦੀ ਹੈ। ਮਨੁੱਖ ਤਾਂ ਆਪਣੀ ਸੰਭਾਲ ਕਰ ਲੈਂਦੇ ਹਨ ਪਰ ਇਹ ਬੇਜ਼ੁਬਾਨ ਪੰਛੀ ਕੁਦਰਤ ਦੀ ਆਸ ਤੇ ਬੈਠੇ ਹਨ।ਇਹ ਪੰਛੀ ਕੁਦਰਤ ਦਾ ਸ਼ਿੰਗਾਰ ਹਨ।ਕੁਦਰਤੀ ਸਰੋਤਾਂ ਤੋਂ ਪਾਣੀ ਪੀ ਕੇ ਆਪਣਾ ਗੁਜ਼ਾਰਾ ਕਰਦੇ ਹਨ। ਗਰਮੀਆਂ ਦੇ ਦਿਨਾਂ ਵਿੱਚ ਪਾਣੀ ਨਾ ਮਿਲਣ ਕਾਰਨ ਹਜ਼ਾਰਾਂ ਲੱਖਾਂ ਪੰਛੀ ਆਪਣੀ ਜਾਨ ਗੁਆ ਦਿੰਦੇ ਹਨ। ਕਈ ਵਾਰ ਇਹਨਾਂ ਪੰਛੀਆਂ ਨੂੰ ਕੁਦਰਤੀ ਤੌਰ ਤੇ ਪਾਣੀ ਨਹੀਂ ਮਿਲਦਾ ਤਾਂ ਇਹ ਘਰਾਂ ਦੀ ਛੱਤਾਂ ਤੇ ਆ ਕੇ ਬੈਠ ਜਾਂਦੇ ਹਨ। ਪਿੰਡ ਵਿੱਚ ਤਾਂ ਇਹ ਆਮ ਵੇਖਣ ਨੂੰ ਮਿਲਦਾ ਹੈ। ਪਿੰਡਾਂ ਦੇ ਲੋਕ ਵੀ ਆਪਣੀ ਛੱਤਾਂ ਉੱਪਰ ਮਿੱਟੀ ਦੇ ਬਣੇ ਭਾਂਡੇ ਵਿੱਚ ਪੰਛੀਆਂ ਲਈ ਪਾਣੀ ਤੇ ਦਾਣੇ ਰੱਖਦੇ ਹਨ।

ਇਹ ਵਿਚਾਰੇ ਪੰਛੀ ਜਿਹਨਾਂ ਦੀ ਜਨਸੰਖਿਆ ਹੁਣ ਹਰ ਸਾਲ ਲਗਾਤਾਰ ਘੱਟਦੀ ਜਾ ਰਹੀ ਹੈ। ਹੁਣ ਜ਼ਿਆਦਾਤਰ ਪਿੰਡਾਂ ਵਿੱਚ ਹੀ ਵੇਖਣ ਨੂੰ ਮਿਲਦੇ ਹਨ। ਸ਼ਹਿਰਾਂ ਵਿੱਚ ਇਹਨਾਂ ਦੀ ਗਿਣਤੀ ਬਹੁਤ ਘੱਟ ਹੈ।ਕਈ ਤਰ੍ਹਾਂ ਦੇ ਪੰਛੀ ਤਾਂ ਹੁਣ ਗ਼ਾਇਬ ਹੀ ਹੋ ਗਏ ਹਨ।ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਹਨਾਂ ਪੰਛੀਆਂ ਦੀ ਸੰਭਾਲ ਕਰੀਏ।

ਆਪਣੀਆਂ ਘਰ ਦੀਆਂ ਛੱਤਾਂ ਤੇ ਇਹਨਾਂ ਲਈ ਪਾਣੀ ਤੇ ਦਾਣੇ ਰੱਖੀਏ।ਹਰ ਰੋਜ਼ ਪਾਣੀ ਨੂੰ ਬਦਲੀਏ, ਕਈ ਵਾਰ ਅਸੀਂ ਕਈ ਦਿਨਾਂ ਤੱਕ ਪਾਣੀ ਨੂੰ ਨਹੀਂ ਬਦਲਦੇ ਤਾਂ ਪਾਣੀ ਵਿੱਚ ਬਦਬੂ ਆਉਣ ਲੱਗਦੀ ਹੈ। ਪਾਣੀ ਨੂੰ ਮਿੱਟੀ ਦੇ ਭਾਂਡੇ ਵਿੱਚ ਹੀ ਰੱਖੀਏ ਤਾਂ ਜੋ ਪਾਣੀ ਠੰਡਾ ਰਹੇ।

ਮੰਜੂ ਰਾਇਕਾ
ਰਣਬੀਰ ਕਾਲਜ
ਸੰਗਰੂਰ।
7626053712

# ਗੁਰੂਆਂ, ਪੀਰਾਂ ਦੀ ਧਰਤੀ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਮੁੱਖ ਤਰਜੀਹ : ਅਮਨ ਅਰੋੜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਸਾਡੀ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਨੂੰ ਨਸ਼ਾ ਮੁਕਤ ਕਰਨ ਲਈ ਮੁੱਖ ਤਰਜੀਹ ਦੇ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਅੱਜ ਇਥੇ ਕੁਈਨਜ਼ ਲੈਂਡ ਪੈਲੇਸ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਦੇ ਮੱਦੇਨਜ਼ਰ 'ਪਿੰਡਾਂ ਦੇ ਪਹਿਰੇਦਾਰ' ਪ੍ਰੋਗਰਾਮ ਤਹਿਤ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ, ਵਿਧਾਇਕ ਚੀਫ ਵਿੱਪ ਤੇ ਵਿਧਾਇਕ ਤਲਵੰਡੀ ਸਾਬੋ ਪ੍ਰੋ. ਬਲਜਿੰਦਰ ਕੌਰ, ਵਿਧਾਇਕ ਬਠਿੰਡਾ (ਸ਼ਹਿਰੀ) ਸ ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ, ਵਿਧਾਇਕ ਰਾਮਪੁਰਾ ਸ਼੍ਰੀ ਬਲਕਾਰ ਸਿੰਘ ਸਿੱਧੂ, ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ, ਨਸ਼ਾ ਮੁਕਤੀ ਮੋਰਚਾ ਮਾਲਵਾ ਵੈਸਟ ਜ਼ੋਨ ਦੇ ਕੋਆਰਡੀਨੇਟਰ ਸ਼੍ਰੀ ਚੁਸਪਿੰਦਰ ਚਹਿਲ, ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ, ਐਸਐਸਪੀ ਮੈਡਮ ਅਮਨੀਤ ਕੌਂਡਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਸਰਪੰਚਾਂ, 3556 ਨੁਮਾਇੰਦਿਆਂ ਸਮੇਤ 2232 ਵਿਲੇਜ਼ ਡਿਫੈਂਸ ਕਮੇਟੀ ਦੇ ਮੈਂਬਰਾਂ ਨੂੰ ਨਸ਼ਿਆਂ ਖਿਲਾਫ ਮੁਹਿੰਮ ਜਾਰੀ ਰੱਖਣ ਲਈ ਸਹੁੰ ਵੀ ਚੁਕਾਈ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਜੁਝਾਰੂ ਲੋਕਾਂ ਦੀ ਧਰਤੀ ਹੈ ਅਤੇ ਸਾਡੇ ਲੋਕ ਨਸ਼ੇ ਖਿਲਾਫ ਸ਼ੁਰੂ ਕੀਤੀ ਇਸ ਜੰਗ ਵਿਚ ਵੀ ਡਟ ਕੇ ਸਾਥ ਦੇਣਗੇ ਅਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਵਿੱਚ ਆਪਣਾ ਪੂਰਨ ਸਹਿਯੋਗ ਦੇਣਗੇ। ਇਸ ਦੌਰਾਨ ਸ਼੍ਰੀ ਅਰੋੜਾ ਨੇ ਲੋਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਦਾ ਸਾਰਾ ਸਿਹਰਾ ਉਨ੍ਹਾਂ ਲੋਕਾਂ ਨੂੰ ਜਾਂਦਾ ਹੈ ਜਿੰਨ੍ਹਾਂ ਨੇ ਹਰ ਪਿੰਡ, ਹਰ ਘਰ ਅਤੇ ਮੁਹੱਲੇ 'ਚੋਂ ਹੋ ਕੇ ਸਰਕਾਰ ਦੀ ਇਸ ਮੁਹਿੰਮ ਦਾ ਮੋਢੇ ਨਾਲ ਮੋਢਾ ਜੋੜ ਕੇ ਇਸ ਯੁੱਧ ਵਿਚ ਯੋਗਦਾਨ ਪਾਇਆ ਹੈ।



ਇਸ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਸੂਬੇ ਦਾ ਹਰ ਵਾਸੀ ਚਾਹੁੰਦਾ ਹੈ ਕਿ ਪੰਜਾਬ ਨਸ਼ਾ ਮੁਕਤ ਹੋਵੇ, ਜਿਸ ਨੂੰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੇ ਪ੍ਰਣ ਲੈਂਦਿਆਂ ਨਸ਼ੇ ਖਿਲਾਫ਼ ਵੱਡੀ ਜੰਗ ਸ਼ੁਰੂ ਕਰਕੇ ਅਮਲੀ ਰੂਪ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਦੀ ਭਲਾਈ ਲਈ ਕ੍ਰਾਂਤੀਕਾਰੀ ਅਤੇ ਫੈਸਲਾਕੁਨ ਉਪਰਾਲੇ ਕਰ ਰਹੀ ਹੈ। ਇਸ ਦੌਰਾਨ ਉਨ੍ਹਾਂ ਮੁੜ ਦਹਰਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨਸ਼ੇ ਤੋਂ ਪੀੜਤ ਨੌਜਵਾਨਾਂ ਤੇ ਉਨ੍ਹਾਂ ਦੇ ਮਾਪਿਆਂ ਦੀ ਤਰਾਸਦੀ ਬਾਰੇ ਸੋਚਦਿਆਂ ਨਸ਼ੇ ਖਿਲਾਫ ਵੱਡੀ ਜੰਗ ਅਤੇ ਨਸ਼ੇ ਦੀ ਚੇਨ ਨੂੰ ਤੋੜਨ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਇਸ ਦੌਰਾਨ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਸੂਬਾ ਸਰਕਾਰ ਪੰਜਾਬ ਦੀ ਜਵਾਨੀ, ਕਿਸਾਨੀ ਅਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਡਟ ਕੇ ਖੜ੍ਹੀ ਹੈ। ਉਨ੍ਹਾਂ ਮੀਡੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਾਉਣ ਲਈ 3500 ਕਰੋੜ ਰੁਪਏ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚੋ ਨਸ਼ਾ ਮੁਕਤ ਕਰਨ ਲਈ ਹਰ ਪਿੰਡ ਵਿਚ ਵਿਲੇਜ਼ ਡਿਫੈਂਸ ਕਮੇਟੀ ਬਣਾਈ ਗਈ ਹੈ। ਇਸ ਤੋਂ ਇਲਾਵਾ ਭਵਿੱਖ ਵਿੱਚ ਪਿੰਡਾਂ ਵਿਚ ਨਸ਼ਾ ਮੁਕਤੀ ਯਾਤਰਾ ਵੀ ਕੀਤੀ ਜਾਣੀ ਹੈ ਤੇ ਸਭਾਵਾਂ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਇਹ ਮੁਹਿੰਮ ਇਕੱਲੇ ਵਿਅਕਤੀ ਦੀ ਨਹੀਂ ਸਗੋਂ ਪਿੰਡਾਂ, ਸ਼ਹਿਰਾਂ ਦੇ ਹਰ ਬੱਚੇ, ਨੌਜਵਾਨ, ਬਜ਼ੁਰਗ ਦੇ ਸਹਿਯੋਗ ਦੀ ਲੋੜ ਹੈ।

ਇਸ ਤੋਂ ਪਹਿਲਾ ਚੀਫ਼ ਵਿੱਪ ਅਤੇ ਵਿਧਾਇਕ ਤਲਵੰਡੀ ਸਾਬੋ ਪ੍ਰੋ: ਬਲਜਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਇੱਕ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਹੋਈ ਹੈ। ਇਸ ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆ ਦੀ ਦਲਦਲ ਵਿੱਚੋਂ ਕੱਢਣ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਸੁੱਟਣ ਲਈ ਸਰਕਾਰ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਸਾਰਥਿਕ ਨਤੀਜੇ ਵੀ ਆ ਰਹੇ ਹਨ। ਨਸ਼ੇ ਦੇ ਸੌਦਾਗਰਾਂ 'ਤੇ ਕਾਰਵਾਈ ਕਰਦਿਆਂ ਉਨ੍ਹਾਂ ਦੀਆਂ ਪ੍ਰਾਪਰਟੀਆਂ ਅਟੈਚ ਕੀਤੀਆਂ ਜਾ ਰਹੀਆਂ ਅਤੇ ਉਨ੍ਹਾਂ ਦੇ ਘਰਾਂ ਤੇ ਪੀਲਾ ਪੰਜਾ ਚਲਾ ਕੇ ਢਹਿ-ਢੇਰੀ ਕੀਤਾ ਜਾ ਰਿਹਾ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਚਲਾਈ ਇਸ ਮੁਹਿੰਮ ਵਿੱਚ ਤੁਹਾਡਾ ਸਾਥ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਨਸ਼ਿਆਂ ਵਿੱਚ ਗਲਤ ਨੌਜਵਾਨਾਂ ਨੂੰ ਇਸ ਭੈੜੀ ਸੰਗਤ ਵਿੱਚ ਕੱਢਕੇ ਸਿੱਧੇ ਰਸਤੇ ਪਾਇਆ ਜਾ ਸਕੇ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਸਾਂਝੇ ਤੌਰ 'ਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿਚ ਲਗਾਤਾਰ ਕੀਤੀ ਜਾ ਰਹੀ ਕਾਰਗੁਜ਼ਾਰੀ ਨੂੰ ਵੀ ਸਾਂਝਾ ਕੀਤਾ।

ਇਸ ਮੌਕੇ ਨਗਰ ਨਿਗਮ ਦੇ ਮੇਅਰ ਸ਼੍ਰੀ ਪਦਮਜੀਤ ਮਹਿਤਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਸਿਖਲਾਈ ਅਧੀਨ ਆਈਏਐਸ ਅਧਿਕਾਰੀ ਮੈਡਮ ਹਰਸ਼ਿਤਾ ਸ਼ਰਮਾ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਅਮਰਜੀਤ ਮਹਿਤਾ, ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀਜ਼ ਡਿਵੈਲਪਮੈਂਟ ਬੋਰਡ ਸ਼੍ਰੀ ਨੀਲ ਗਰਗ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ. ਜਤਿੰਦਰ ਭੱਲਾ, ਚੇਅਰਮੈਨ ਪੰਜਾਬ ਜੰਗਲਾਤ ਵਿਭਾਗ ਸ਼੍ਰੀ ਰਾਕੇਸ਼ ਪੁਰੀ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ਼੍ਰੀ ਅੰਮ੍ਰਿਤ ਲਾਲ ਅਗਰਵਾਲ, ਚੇਅਰਮੈਨ ਆਬਕਾਰੀ ਤੇ ਕਰ ਵਿਭਾਗ ਸ਼੍ਰੀ ਅਨਿਲ ਠਾਕੁਰ, ਚੇਅਰਮੈਨ ਸ਼ੂਗਰਫੈਡ ਨਵਦੀਪ ਜੀਦਾ, ਐਸਸੀ ਕਾਰਪੋਰੇਸ਼ਨ ਪੰਜਾਬ ਦੇ ਵਾਇਸ ਚੇਅਰਮੈਨ ਸ. ਗੁਰਜੰਟ ਸਿੰਘ ਸਿਵੀਆਂ, ਡਾਇਰੈਕਟਰ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਨਿਗਮ ਸ. ਅਮਰਦੀਪ ਰਾਜਨ, ਪੰਜਾਬ ਖਾਦੀ ਤੇ ਵਿਲਜ ਇੰਡਸਟਰੀਜ਼ ਬੋਰਡ ਦੇ ਡਾਇਰੈਕਟਰ ਤੇ ਚੇਅਰਮੈਨ ਮਾਰਕਿਟ ਕਮੇਟੀ ਸ਼੍ਰੀ ਬੱਲੀ ਬਲਜੀਤ, ਐਸਡੀਐਮ ਬਠਿੰਡਾ ਸ ਬਲਕਰਨ ਸਿੰਘ ਮਾਹਲ, ਐਸਡੀਐਮ ਰਾਮਪੁਰਾ ਸ਼੍ਰੀ ਗਗਨਦੀਪ ਸਿੰਘ, ਐਸਡੀਐਮ ਮੌੜ ਸ਼੍ਰੀ ਸੁਖਰਾਜ ਸਿੰਘ, ਐਸਡੀਐਮ ਤਲਵੰਡੀ ਸਾਬੋ ਸ਼੍ਰੀ ਪੰਕਜ, ਆਪ ਆਗੂ ਮੈਡਮ ਮਨਦੀਪ ਕੌਰ ਰਾਮਗੜੀਆ, ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ ਸ਼੍ਰੀ ਸੁਰਿੰਦਰ ਸਿੰਘ ਬਿੱਟੂ, ਸਟੇਟ ਜੁਆਇੰਟ ਸੈਕਟਰੀ (ਜਨਰਲ ਵਿੰਗ) ਬਲਜਿੰਦਰ ਕੌਰ ਤੁੰਗਵਾਲੀ, ਕੌਂਸਲਰ ਸੁਖਦੀਪ ਸਿੰਘ ਢਿੱਲੋਂ, ਸ਼੍ਰੀ ਐਮ.ਐਲ ਜਿੰਦਲ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸ਼ੀਅਤਾਂ ਆਦਿ ਹਾਜ਼ਰ ਸਨ।

# ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਬਟਾਲਾ ਪੁਲਿਸ ਨੇ ਕਾਦੀਆਂ ਵਿਖੇ ਵਰ੍ਹਦੇ ਮੀਂਹ ‘ਚ ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ ਕੋਠੀ ਢਾਹੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਅੱਜ ਬਟਾਲਾ ਪੁਲਿਸ ਨੇ ਕਾਦੀਆਂ ਵਿਖੇ ਵਰ੍ਹਦੇ ਮੀਂਹ 'ਚ ਨਸ਼ਾ ਤਸਕਰ ਨਵਸ਼ਰਨ ਦਾਸ ਉਰਫ ਕਾਕਾ ਦੀ ਨਾਜਾਇਜ਼ ਉਸਾਰੀ ਕੋਠੀ ਜੇ.ਸੀ.ਬੀ ਮਸ਼ੀਨ ਲਗਾ ਕੇ ਢਾਹ ਦਿੱਤੀ ਗਈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਬਟਾਲਾ ਦੇ ਐਸ.ਐਸ.ਪੀ, ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਇਸ ਨਸ਼ਾ ਤਸਕਰ ਦੇ ਖਿਲਾਫ ਵੱਖ-ਵੱਖ ਥਾਣਿਆਂ ਵਿੱਚ 06 ਮੁਕੱਦਮੇ ਦਰਜ ਹਨ, ਜਿਨ੍ਹਾਂ ਵਿੱਚ ਚਾਰ ਪਰਚੇ ਐਨ.ਡੀ. ਪੀ.ਐਸ ਐਕਟ ਤਹਿਤ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰ 'ਤੇ ਪੁਲਿਸ ਸਟੇਸ਼ਨ ਕਾਦੀਆਂ ਵਿਖੇ 3 ਪਰਚੇ, ਕਾਹਨੂੰਵਾਨ, ਦੀਨਾਨਗਰ ਅਤੇ ਐਸ.ਏ.ਐਸ ਨਗਰ ਵਿਖੇ ਇੱਕ-ਇੱਕ ਪਰਚਾ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਉੱਤੇ ਲੱਗੀਆਂ ਧਰਾਵਾਂ ਅਤੇ ਇਸ ਦੀ ਕੇਸ ਹਿਸਟਰੀ ਤੋਂ ਸਪਸ਼ਟ ਹੈ ਕਿ ਇਹ ਨਸ਼ਾ ਤਸਕਰੀ ਦੇ ਧੰਦੇ ਵਿੱਚ ਲੰਮੇ ਸਮੇਂ ਤੋਂ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰ ਵਲੋਂ ਨਾਜਾਇਜ਼ ਕਮਾਈ ਨਾਲ ਇਹ ਉਸਾਰੀ ਕੀਤੀ ਗਈ ਸੀ, ਜਿਸਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਢਾਹਿਆ ਗਿਆ ਹੈ।

ਐਸ.ਐਸ.ਪੀ ਨੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਵੀ ਵਿਅਕਤੀ ਕਿਸੇ ਵੀ ਗੈਰ ਕਾਨੂੰਨੀ ਕਾਰਵਾਈ ਵਿੱਚ ਸ਼ਾਮਿਲ ਹੈ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਸ ਖਿਲਾਫ ਠੋਸ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਲੋਕ ਮੁੱਖ ਧਾਰਾ ਵਿੱਚ ਆ ਨਹੀਂ ਜਾਂਦੇ ਜਾਂ ਉਹ ਪੰਜਾਬ ਛੱਡ ਕੇ ਪੰਜਾਬ ਤੋਂ ਬਾਹਰ ਚਲੇ ਨਹੀਂ ਜਾਂਦੇ।

ਐਸ.ਐਸ.ਪੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਅਤੇ ਡੀਜੀਪੀ ਸ੍ਰੀ ਗੌਰਵ ਯਾਦਵ ਵੱਲੋਂ ਇਸ ਬਾਬਤ ਬੜੀਆਂ ਸਪੱਸ਼ਟ ਹਦਾਇਤਾਂ ਹਨ ਕਿ ਜੋ ਵੀ ਵਿਅਕਤੀ ਨਸ਼ਾ ਤਸਕਰੀ ਦੇ ਧੰਦੇ ਵਿੱਚ ਸ਼ਾਮਿਲ ਹੈ, ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਐਸ.ਐਸ.ਪੀ ਬਟਾਲਾ ਨੇ ਅੱਗੇ ਕਿਹਾ ਕਿ ਬਟਾਲਾ ਪੁਲਿਸ ਵਲੋਂ ਨਸ਼ਿਆਂ ਵਿਰੁੱਧ ਜੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ ਬਟਾਲਾ ਪੁਲਿਸ ਵਲੋਂ ਪਿਛਲੇ ਦੇ ਮਹੀਨਿਆਂ ਵਿੱਚ 250 ਪਰਚੇ ਦਰਜ ਕੀਤੇ ਗਏ ਹਨ। ਨਸ਼ਾ ਤਸਕਰਾਂ ਦੀਆਂ 52 ਸੰਪੱਤੀ ਕਾਨੂੰਨੀ ਕਾਰਵਾਈ ਕਰਦਿਆਂ ਅਟੈਚ ਕੀਤੀ ਗਈ ਹੈ, ਜਿਸ ਦੀ ਕੀਮਤ ਕਰੀਬ 28 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਤੇ ਵਾਰਡ ਪੱਧਰ 'ਤੇ ਸੁਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ ਅਤੇ 110 ਪਿੰਡਾਂ ਵਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਮਤੇ ਪਾਏ ਗਏ ਹਨ, ਜਿਸ ਨਾਲ ਨਸ਼ੇ ਨੂੰ ਜੜੋਂ ਖਤਮ ਕੀਤਾ ਜਾਵੇਗਾ।

ਐਸ.ਐਸ.ਪੀ ਨੇ ਅੱਗੇ ਕਿਹਾ ਕਿ ਸਾਡੇ ਲਈ ਸਾਡੇ ਬੱਚੇ , ਸਾਡੀ ਜਵਾਨੀ ਨੂੰ ਸੰਭਾਲਣਾ ਬੇਹੱਦ ਜਰੂਰੀ ਹੈ , ਜੋ ਕਿ ਇਨਾਂ ਤਸਕਰਾਂ ਦੇ ਘਟੀਆ ਕੰਮਾਂ ਕਾਰਨ ਨਸ਼ੇ ਦੀ ਚੇਟਕ ਨਾਲ ਆਪਣਾ ਜੀਵਨ ਤਬਾਹ ਕਰ ਲੈਂਦੇ ਹਨ।

ਉਨਾਂ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਲਈ ਦੀਵਾਰ ਬਣ ਕੇ ਖੜੇ ਹਾਂ ਅਤੇ ਜੋ ਵਿਅਕਤੀ ਨਸ਼ਾ ਪੀਂਦੇ ਹਨ ਉਨ੍ਹਾਂ ਨੂੰ ਇਸ ਦਾ ਰੋਗੀ ਜਾਣ ਕੇ ਇਲਾਜ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਰਾਜੇਸ਼ ਕੱਕੜ, ਡੀ.ਐਸ.ਪੀ ਕਾਦੀਆਂ, ਭੁਪਿੰਦਰ ਸਿੰਘ ਈ.ਓ ਕਾਦੀਆਂ, ਨਿਰਮਲ ਸਿੰਘ ਐਸ.ਐਚ.ਓ ਕਾਦੀਆਂ, ਐਸ.ਐਚ.ਓਜ਼ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਸਨ।

# ਮਾਨ ਸਰਕਾਰ ਨਸ਼ਿਆਂ ਵਿਰੁੱਧ ਜੰਗ ਵਿੱਚ ਉਤਰੀ, ਕੈਬਨਿਟ ਮੰਤਰੀਆਂ ਨੇ ਸੰਭਾਲਿਆ ਮੋਰਚਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਫ਼ੈਸਲਾਕੁੰਨ ਦੌਰ 'ਚ ਪੁੱਜ ਗਈ ਹੈ। ਮਾਨ ਸਰਕਾਰ ਨਸ਼ਿਆਂ ਵਿਰੁੱਧ ਜੰਗ ਵਿੱਚ ਉਤਰ ਗਈ ਹੈ ਅਤੇ ਸਮੂਹ ਕੈਬਨਿਟ ਮੰਤਰੀਆਂ ਨੇ ਮੋਰਚਾ ਸੰਭਾਲਦਿਆਂ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ ਅਤੇ ਪਿੰਡ ਰੱਖਿਆ ਕਮੇਟੀਆਂ ਰਾਹੀਂ ਜਾਗਰੂਕਤਾ ਫੈਲਾਈ।ਨਸ਼ਿਆਂ ਵਿਰੁੱਧ ਸਾਰਾ ਪੰਜਾਬ ਇੱਕਜੁਟ ਹੋ ਗਿਆ ਹੈ ਅਤੇ ਇਹ ਹੁਣ ਲੋਕ ਲਹਿਰ ਬਣ ਗਈ ਹੈ।

ਅੱਜ ਪੰਜਾਬ ਦੇ ਸਮੂਹ ਕੈਬਨਿਟ ਮੰਤਰੀਆਂ ਵੱਲੋਂ ਸੂਬੇ ਭਰ ਵਿੱਚ ਵੱਖੋ-ਵੱਖ ਥਾਵਾਂ ਉਤੇ ਨਸ਼ਿਆਂ ਖਿਲਾਫ ਜਾਗਰੁਕ ਮੀਟਿੰਗਾਂ ਵਿੱਚ ਸ਼ਿਰਕਤ ਕਰਦਿਆਂ ਜ਼ੋਰ ਨਾਲ ਕਿਹਾ ਗਿਆ ਕਿ ਮਾਨ ਸਰਕਾਰ ਨੇ ਜਿੱਥੇ ਨਸ਼ਾ ਤਸਕਰਾਂ ਦੇ ਘਰ ਤੇ ਹੌਸਲੇ ਤੋੜੇ ਹਨ, ਉਥੇ ਹੀ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰ ਪਾਲੇ ਹੋਏ ਸਨ।



ਅੱਜ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਪਟਿਆਲਾ, ਪ੍ਰਸ਼ਾਸਕੀ ਸੁਧਾਰ ਮੰਤਰੀ ਅਮਨ ਅਰੋੜਾ ਤੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬਠਿੰਡਾ, ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹੀਦ ਭਗਤ ਸਿੰਘ ਨਗਰ, ਐਨ.ਆਰ. ਆਈ. ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਠਾਨਕੋਟ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਰਵਜੋਤ ਸਿੰਘ ਨੇ ਪਠਾਨਕੋਟ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਗੁਰਦਾਸਪੁਰ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਤੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਅੰਮ੍ਰਿਤਸਰ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਮਾਲੇਰਕੋਟਲਾ ਅਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਫਾਜ਼ਿਲਕਾ ਵਿਖੇ ਸਮਾਗਮਾਂ ਵਿੱਚ ਸ਼ਿਰਕਤ ਕੀਤੀ।

ਮੰਤਰੀਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਬਣੀ ਲੋਕ ਲਹਿਰ ਨੂੰ ਕਾਮਯਾਬ ਕਰਕੇ ਪੰਜਾਬ ਨੂੰ ਦੇਸ਼ ਦਾ ਪਹਿਲਾ ਨਸ਼ਾ ਮੁਕਤ ਸੂਬਾ ਬਣਾਇਆ ਜਾਵੇ। ਸਰਕਾਰ ਦੀ ਨਸ਼ਿਆਂ ਵਿਰੁੱਧ ਜੀਰੋ ਟਾਲਰੈਂਸ ਨੀਤੀ ਦਾ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਨਸ਼ਾ ਤਸਕਰੀ 'ਚ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਆਈ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਸਿਆਸੀ ਹੋਵੇ ਜਾਂ ਅਫ਼ਸਰਸ਼ਾਹੀ 'ਚੋਂ ਹੋਵੇ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਨਸ਼ਿਆ ਦਾ ਧੰਦਾ ਕਰਨ ਵਾਲਿਆ ਲਈ ਕੋਈ ਥਾਂ ਨਹੀਂ ਹੈ। ਪੰਜਾਬ ਦੀ ਧਰਤੀ ਜੁਝਾਰੂ ਲੋਕਾਂ ਦੀ ਧਰਤੀ ਹੈ ਅਤੇ ਪੰਜਾਬੀ ਨਸ਼ਿਆ ਖਿਲਾਫ ਸ਼ੁਰੂ ਕੀਤੀ ਜੰਗ ਵਿਚ ਪੰਜਾਬ ਸਰਕਾਰ ਦਾ ਡਟ ਕੇ ਸਾਥ ਦੇ ਰਹੇ ਹਨ।

ਇਸ ਮੌਕੇ ਕੈਬਨਿਟ ਮੰਤਰੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀ.ਬੀ.ਐਮ.ਬੀ. ਦੇ ਮੁੱਦੇ 'ਤੇ ਲਏ ਸਖ਼ਤ ਸਟੈਂਡ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੂੰ ਪਾਣੀਆਂ ਦਾ ਅਸਲ ਰਾਖਾ ਕਰਾਰ ਦਿੱਤਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com

# ਸੱਚੇ ਸਾਧੂ ਦੀ ਪਹਿਚਾਣ

ਮਿੰਨੀ ਕਹਾਣੀ

ਗੁਰਦੀਪ ਸਿੰਘ
98881 26690

ਇੱਕ ਵਾਰੀ ਇਕ ਸੰਤ ਆਪਣੇ ਚੇਲਿਆਂ ਦੇ ਨਾਲ ਕਿਧਰੇ ਜਾ ਰਹੇ ਸਨ। ਰਾਤ ਹੋ ਚੱਲੀ ਸੀ ਅਤੇ ਬਹੁਤ ਤੇਜ਼ ਬਾਰਸ਼ ਹੋ ਰਹੀ ਸੀ। ਉਦੋਂ ਗਲੀਆਂ ਜਾਂ ਸੜਕਾਂ ਕੱਚੀਆਂ ਹੁੰਦੀਆਂ ਸਨ । ਇਸ ਲਈ ਕੱਪੜੇ ਬਾਰਿਸ਼ ਤੇ ਚਿੱਕੜ ਨਾਲ ਗੰਦੇ ਹੋ ਗਏ।ਅਚਾਨਕ ਸੰਤ ਨੂੰ ਕਿਸੇ ਚੇਲੇ ਨੇ ਪੁੱਛਿਆ ਸੱਚੇ ਸਾਧੂ ਕੌਣ ਹੁੰਦੇ ਹਨ ਉਹਦੀ ਕੀ ਪਹਿਚਾਣ ਹੈ? ਉਹ ਸੰਤ ਚੁੱਪ ਚਾਪ ਸੋਚਦੇ ਰਹੇ।ਕੋਈ ਜਵਾਬ ਨਹੀਂ ਦਿੱਤਾ। ਕੁਝ ਦਿਨਾਂ ਬਾਅਦ ਫਿਰ ਉਹ ਪਗਡੰਡੀ ਉੱਪਰ ਜਾ ਰਹੇ ਸਨ। ਉਸ ਰਾਤ ਵੀ ਬਹੁਤ ਜਿਆਦਾ ਬਾਰਿਸ਼ ਤੇ ਤੂਫਾਨ ਸੀ । ਚੇਲੇ ਨੇ ਪੁੱਛਿਆ ਸੰਤ ਜੀ ਤੁਸੀਂ ਉਸ ਦਿਨ ਜਵਾਬ ਨਹੀਂ ਸੀ ਦਿੱਤਾ ,ਅੱਜ ਤਾਂ ਦਸ ਦਿਓ ਤਾਂ ਸੰਤ ਨੇ ਕਿਹਾ ਸੱਚਾ ਸਾਧੂ ਉਹ ਨਹੀਂ ਹੁੰਦਾ ਜੋ ਕਿਸੇ ਮਰੀਜ਼ ਨੂੰ ਠੀਕ ਕਰ ਦੇਵੇ, ਪਸ਼ੂ ਪੰਛੀਆਂ ਦੀ ਭਾਸ਼ਾ ਸਮਝ ਲਵੇ। ਸੱਚਾ ਸਾਧੂ ਉਹ ਵੀ ਨਹੀਂ ਹੁੰਦਾ ਜਿਸ ਨੇ ਘਰ ਪਰਿਵਾਰ ਦੇ ਨਾਲ ਨਾਤਾ ਤੋੜ ਲਿਆ ਹੋਵੇ ਜਾਂ ਜਿਸ ਨੇ ਮਾਨਵਤਾ ਦੇ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਹੋਵੇ। ਸਾਰੇ ਚੇਲਿਆਂ ਨੂੰ ਇਹ ਸੁਣ ਕੇ ਬੜੀ ਹੈਰਾਨਗੀ ਹੋਈ। ਚੇਲਿਆਂ ਨੇ ਫਿਰ ਪੁੱਛਿਆ ਤੁਸੀਂ ਦੱਸਿਆ ਨਹੀਂ ਕਿ ਸੱਚਾ ਸਾਧੂ ਕੌਣ ਹੁੰਦਾ ਹੈ ਉਸ ਦੀ ਕੀ ਪਹਿਚਾਣ ਹੈ? ਤਾਂ ਉਹਨਾਂ ਨੇ ਕਿਹਾ ਕਿ ਤੁਸੀਂ ਕਲਪਨਾ ਕਰੋ ਹਨੇਰੀ ਰਾਤ ਹੋਵੇ ਤੇ ਇਸ ਤੋਂ ਵੀ ਜਿਆਦਾ ਤੂਫਾਨ ਝੱਖੜ ਆ ਜਾਵੇ। ਤੇ ਤੁਸੀਂ ਉਸ ਵੇਲੇ ਕਿਸੇ ਪਿੰਡ ਵਿੱਚ ਜਾਓ , ਚੌਂਕੀਦਾਰ ਨੂੰ ਕਹੋ ਜਾ ਕਿਸੇ ਘਰ ਦਾ ਜਾ ਕੇ ਦਰਵਾਜ਼ਾ ਖੜਾਓ । ਚੌਂਕੀਦਾਰ ਪੁਛੇ ਕੌਣ ਹੋ? ਤੁਸੀ ਜਵਾਬ ਦਿਓ ਅਸੀਂ ਦੋ ਤਿੰਨ ਸਾਧੂ ਹਾਂ। ਤਾਂ ਉਹ ਜਵਾਬ ਦੇਵੇ , ਚਲੇ ਜਾਓ ਇਥੋਂ , ਤੁਸੀਂ ਤਾਂ ਮੁਫਤ ਖੋਰੇ ਹੋ। ਸੰਤ ਨੇ ਕਿਹਾ ਸੋਚੋ ਜੇ ਚੌਂਕੀਦਾਰ ਜਾਂ ਹਰ ਕੋਈ ਤੁਹਾਨੂੰ ਇਸ ਤਰਾਂ ਦੁਰਕਾਰੇ ਤੇ ਫਿਰ ਵੀ ਤੁਸੀਂ ਨਰਾਜ ਨਾ ਹੋਵੇ ਉਸਦੇ ਲਈ ਕੋਈ ਮਾੜੀ ਭਾਵਨਾ ਨਾ ਰੱਖੋ।ਉਸਦੇ ਲਈ ਕੋਈ ਵੀ ਨਰਾਜਗੀ ਨਾ ਕਰੋ ਤੇ ਨਾ ਹੀ ਕੋਈ ਮਾੜਾ ਸ਼ਬਦ ਵਰਤੋ ਕਿ ਅਸੀਂ ਤੈਨੂੰ ਬਦਅਸੀਸ ਦਿੰਦੇ ਹਾਂ। ਸਗੋਂ ਉਸਨੂੰ ਅਸੀਸ ਦਿਓ। ਸਾਧੂ ਹੋਣ ਦਾ ਇਹੀ ਮਾਪਦੰਡ ਹੈ। ਹਰ ਪਰਸਥਿਤੀ ਵਿੱਚ ਸਮਾਨਤਾ ਅਤੇ ਸਹਿਜਤਾ ਦਾ ਵਿਵਹਾਰ ਕਰਨਾ।



ਇਕ ਚੇਲੇ ਨੇ ਕਿਹਾ ਕਿ ਇਸ ਤਰ੍ਹਾਂ ਦਾ ਭਾਵ ਤਾਂ ਗ੍ਰਿਸਤ ਵਿੱਚ ਵਿਚ ਵੀ ਹੋ ਸਕਦਾ ਹੈ, ਤਾਂ ਕੀ ਉਹ ਸਾਧੂ ਹੈ ? ਤਾਂ ਸੰਤ ਨੇ ਕਿਹਾ ਬਿਲਕੁਲ। ਜਿਵੇਂ ਕਿ ਮੈਂ ਪਹਿਲੇ ਵੀ ਕਿਹਾ ਹੈ ਕਿ ਸਿਰਫ ਘਰ ਛੱਡ ਦੇਣਾ ਹੀ ਸਾਧੂ ਹੋਣ ਦਾ ਲੱਛਣ ਨਹੀਂ ਹੈ।ਸਾਧੂ ਦੇ ਗੁਣਾਂ ਨੂੰ ਧਾਰਣ ਕਰਨਾ ਹੀ ਸੱਚਾ ਸਾਧੂ ਹੋਣਾ ਹੈ। ਐਸਾ ਕੋਈ ਵੀ ਕਰ ਸਕਦਾ ਹੈ।

# ਕਾਦਰ ਦੀ ਕੁਦਰਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com

ਐਤਵਾਰ ਦਾ ਦਿਨ ਸੀ ਸਾਰੇ ਸਰਕਾਰੀ ਅਦਾਰਿਆਂ ਚ ਛੁੱਟੀ ਸੀ ਕੁਝ ਕੁ ਵੱਡੀਆਂ ਕੰਪਨੀਆਂ ਦੇ ਮੁਲਾਜ਼ਮਾਂ ਨੂੰ ਵੀ ਛੁੱਟੀ ਸੀ ਮ ਈ ਮਹੀਨੇ ਦੇ ਅਖੀਰਲੇ ਦਿਨ ਸਨ ਗਰਮੀ ਆਪਣੇ ਸਿਖਰ ਨੂੰ ਛੋਹ ਰਹੀ ਸੀ। ਜਿਸ ਕਾਰਨ ਬਿਜਲੀ ਦੀ ਸਪਲਾਈ ਮੰਗ ਨਾਲੋ ਕਾਫੀ ਘੱਟ ਸੀ ਸ਼ੁਭਮ ਨੇ ਸਵੇਰੇ ਓਠਦਿਆਂ ਜਿਓ ਹੀ ਮੁਬਾਇਲ ਹੱਥ ਵਿੱਚ ਫੜਦਿਆਂ ਜਦੋ ਮੁਬਾਇਲ ਦੀ ਸਕਰੀਨ ਵਲ ਝਾਤ ਮਾਰੀ ਤਾ ਉਸਦੇ ਇਨਬਾਕਸ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਦਾ 11kvਦੀ ਮੁਰੰਮਤ ਦੇ ਕੰਮ ਕਰਕੇ ਸਵੇਰੇ ਛੇ ਵਜੇ ਤੇ ਸ਼ਾਮ ਛੇ ਤੱਕ ਪਾਵਰ ਕਟ ਦਾ ਮੈਸਜ ਓਸ ਦੇ ਅੱਖੀਂ ਪਿਆ ਜਿਸ ਨੂੰ ਪੜ ਉਸ ਨੂੰ ਘਬਰਾਹਟ ਜਿਹੀ ਹੋ ਗਈ। ਮੈਸਜ ਪੜਦਿਆ ਹੀ ਬਿਜਲੀ ਚਲੀ ਗਈ। ਮੁਬਾਇਲ ਵੀ ਚਾਰਜ ਨਾ ਹੋਣ ਕਾਰਨ ਕੁੱਝ ਕੁ ਪਲਾ ਬਾਅਦ ਬੰਦ ਗਿਆ ਓਸ ਨੂੰ ਇਉ ਮਹਿਸੂਸ ਹੋ ਰਿਹਾਂ ਸੀ ਜਿਵੇ ਓਸ ਦਾ ਜਹਾਨ ਲੁਟਿਆ ਗਿਆ ਹੋਵੇ। ਨਾ ਟੀਵੀ ਚਲ ਰਿਹਾ ਸੀ ਨਾ ਹੀ ਮਿਊਜ਼ਿਕ ਪਲੇਅਰ ਮਹਿੰਗੀ ਕਲੋਨੀ ਵਿਚ ਰਿਹਾਇਸ਼ ਹੋਣ ਕਾਰਨ ਆਡ ਗੁਆਂਢ ਵਿੱਚ ਵੀ ਕੋਈ ਮੇਲ ਮਿਲਾਪ ਵਾਲਾ ਬੰਦਾ ਨਹੀ ਸੀ। ਸਾਰੇ ਰਿਸ਼ਤੇਦਾਰ ਦੋਸਤ ਮਿਤਰ ਮੁਬਾਇਲ ਵਿੱਚ ਕੈਦ ਸਨ। ਸ਼ੁਭਮ ਅੱਕਿਆ ਲਾਗਲੇ ਪਿੰਡ ਜਵਾਹਰਕੇ ਵੱਲ ਚਾਲੇ ਪਾ ਲੈਂਦੇ। ਪਿੰਡ ਦੀ ਸੱਥ ਚ ਬਜੁਰਗ ਬੈਠੇ ਗੱਲਾਂ ਕਰ ਰਹੇ ਸਨ। ਕੁਝ ਕੁ ਪਲਾ ਵਿੱਚ ਸ਼ੁਭਮ ਨੇ ਬਜੁਰਗਾਂ ਦੇ ਕਾਫੀ ਤਜਰਬੇ ਸੁਣੇ। ਜਿੰਦਗੀ ਵਿਚ ਓਨਾ ਅਮਲੀ ਰੂਪ ਦੇਣ ਫੈਸਲਾ ਕੀਤਾ। ਸਟੇਡੀਅਮ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚੇ ਕਬੱਡੀ ਤੇ ਫੁਟਬਾਲ ਖੇਡ ਰਹੇ ਜਿਨ੍ਹਾਂ ਨੂੰ ਵੇਖਣ ਲਈ ਸ਼ੁਭਮ ਪਿਪਲ ਹੇਠ ਬੈਠ ਗਿਆ ਪਿੱਪਲ ਦੇ ਪੱਤੇ ਚਲਦੀ ਪੌਣ ਨਾਲ ਜਦੋ ਖੜ ਖੜ ਕਰਦੇ ਤਾ ਕੰਨਾਂ ਵਿੱਚ ਰਸ ਘੌਲਣ ਵਾਲਾ ਮਿਊਜ਼ਿਕ ਸੁਣਾਈ ਦਿੰਦਾ। ਵਗਦੀਆਂ ਪੌਣਾ ਏਸੀ ਤੋ ਵੀ ਵੱਧ ਠੰਡ ਦਾ ਅਹਿਸਾਸ ਕਰਵਾ ਰਹੀਆਂ ਸਨ। ਪਿਪਲ ਹੇਠ ਲੱਗੇ ਨਲਕੇ ਦਾ ਪਾਣੀ ਸ਼ਹਿਦ ਤੋ ਮਿੱਠਾ ਤੇ ਫਰਿਜ ਦੇ ਪਾਣੀ ਤੋਂ ਕਿਤੇ ਵੱਧ ਠੰਡਾ ਸੀ। ਕੁਝ ਕੁ ਘੰਟੇ ਕਬੱਡੀ ਤੇ ਫੁਟਬਾਲ ਦੇ ਮੈਚ ਵੇਖਣ ਬਾਅਦ ਸ਼ੁਭਮ ਆਪਣੇ ਪੁਰਾਣੇ ਦੋਸਤ ਦਸ਼ਮ ਘਰ ਬਹੁੜਿਆ ਤਾ ਓਸ ਨੂੰ ਗਲ ਲਾ ਲਿਆ। ਓਸ ਦੇ ਬੱਚਿਆਂ ਸ਼ੁਭਮ ਦੇ ਪੈਰੀ ਹੱਥ ਆਓਦਿਆ ਸਤਿ ਸ਼੍ਰੀ ਅਕਾਲ ਬਲਾਈ ਦਸ਼ਮ ਨੇ ਓਸ ਨਾਲ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆ ਕੁਝ ਘੰਟੇ ਬਾਦ ਦੋਵੇ ਦੋਵੇ ਦਸ਼ਮ ਦੇ ਖੇਤ ਨੂੰ ਤੁਰ ਪਏ ਪੰਛੀਆਂ ਦੀ ਆਵਾਜਾ ਲੰਮੇ ਲੰਮੇ ਸਫੈਦਿਆਂ ਨੇ ਸ਼ੁਭਮ ਦਾ ਮਨ ਮੋਹ ਲਿਆ ਕੁਵੇਲਾ ਹੋਣ ਲਗਾ ਸੀ ਜਿਓ ਹੀ ਸੁਭਮ ਨਹਿਰ ਵਾਲੇ ਪੁਲ ਲਾਗੇ ਸਬਜੀ ਦੀ ਫੜੀ ਵਾਲੇ ਨਾਲ ਗੱਲਾਂ ਕਰਦਾ ਬੁੜਬੁੜਾਓਦਾ ਕਹਿਦੈ ਛੇ ਵੱਜ ਗਏ ਹੋਣਗੇ ਬਿਜਲੀ ਆ ਗਈ ਹੋਓ ਘਰ ਚੱਲਦਾ ਮਨ ਚ ਸੋਚਦੈ ਪਿੰਡਾ ਦਾ ਮਹੋਲ ਕਿਨਾ ਵਧੀਐ ਇੱਕ ਪਲ ਵੀ ਬਿਜਲੀ ਦੀ ਘਾਟ ਨੀ ਰੜਕੀ ਨਾ ਮੁਬਾਇਲ ਦੀ ਤਲਬ ਨਾ ਏਸੀ ਦੀ ਕਮੀ ਸਬਜ਼ੀ ਵਾਲਾ ਕਹਿਦੈ ਲਾਲਾ ਜੀ ਤੁਹਾਨੂੰ ਸ਼ਾਇਦ ਕਾਦਰ ਦੀ ਕੁਦਰਤ ਤੇ ਭਰੋਸਾ ਨਹੀ ਸੂਰਜ ਚੜਦਿਆਂ ਹੀ ਹਨੇਰਾ ਦੂਰ ਹੋ ਜਾਦੈ ਜਿਸ ਦਾ ਮੁਕਾਬਲਾ ਇਨਸਾਨ ਦੇ ਬਣਾਏ ਵੱਡੇ-ਵੱਡੇ ਬਲੱਬ ਨਹੀ ਕਰ ਸਕਦੇ। ਰਾਤਾਂ ਦਾ ਹਨੇਰਾ ਚੰਨ ਦੀ ਚਾਨਣੀ ਦੂਰ ਕਰ ਦਿੰਦੀ ਹੈ। ਵੱਗਦੀਆ ਹਵਾਵਾ ਦਾ ਮੁਕਾਬਲਾ ਏਸੀ ਦੀ ਠੰਡਕ ਨਹੀ ਕਰ ਸਕਦੀ। ਪਿਪਲ ਦੇ ਪੱਤਿਆਂ ਦੇ ਸਾਜ ਦਾ ਮੁਕਾਬਲਾ ਕਿਸੇ ਕਿਸਮ ਦਾ ਗੀਤ ਸੰਗੀਤ ਨਹੀ ਕਰ ਸਕਦਾ। ਰੱਬ ਵਰਗੇ ਇੰਨਸਾਨਾ ਜਿਹਾ ਸਤਿਕਾਰ ਤੁਹਾਨੂੰ ਮੁਬਾਇਲ ਚ ਕੈਦ ਰਿਸ਼ਤਿਆ ਜੋ ਨਹੀ ਮਿਲ ਸਕਦਾ ਸ਼ੁਭਮ ਦੇ ਕੰਨਾਂ ਵਿੱਚ ਸਬਜ਼ੀ ਵਾਲੇ ਦੀਆਂ ਗੱਲਾਂ। ਕਿਨਾ ਚਿਰ ਗੂੰਜਦੀਆ ਰਹੀਆਂ




ਲੇਕੇਸ਼ ਮਾਨਸਾ

# ਸਰਕਾਰ ਵੱਲੋਂ ਲੌਂਗੋਵਾਲ ਵਿਚ 30 ਬੈੱਡ ਦਾ ਆਧੁਨਿਕ CHC ਬਣਾਉਣ ਦਾ ਫ਼ੈਸਲਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ (ਕ੍ਰਿਸ਼ਨ ਚੌਹਾਨ) 4 ਮਈ- ਪੰਜਾਬ ਸਰਕਾਰ ਅੱਜ ਸੰਗਰੂਰ ਵਾਸੀਆਂ ਨੂੰ ਸਿਹਤ ਦਾ ਵੱਡਾ ਤੋਹਫ਼ਾ ਦੇਣ ਜਾ ਰਹੀ ਹੈ। ਸਰਕਾਰ ਵੱਲੋਂ ਲੌਂਗੋਵਾਲ ਵਿਚ 30 ਬੈੱਡ ਦਾ ਆਧੁਨਿਕ CHC ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਨੂੰ 11 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਅੱਜ ਉਦਘਾਟਨ ਇਸ ਦਾ ਨੀਂਹ ਪੱਥਰ ਰੱਖ ਕੇ ਕੰਮ ਦੀ ਸ਼ੁਰੂਆਤ ਕਰਵਾਈ ਜਾਵੇਗੀ। ਇਸ CHC ਦੇ ਨਿਰਮਾਣ ਨਾਲ ਤਕਰੀਬਨ 1.92 ਲੱਖ ਲੋਕਾਂ ਨੂੰ ਫ਼ਾਇਦਾ ਮਿਲੇਗਾ। ਇਸ CHC ਵਿਚ IPHS ਮਾਣਕਾਂ ਮੁਤਾਬਕ ਸਹੂਲਤਾਂ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਦੀ 'ਸਿਹਤ ਕ੍ਰਾਂਤੀ' ਤਹਿਤ 'ਸਾਰਿਆਂ ਲਈ ਬਰਾਬਰ ਅਤੇ ਬਿਹਤਰੀਨ ਸਿਹਤ ਸੇਵਾ' ਦਾ ਸੰਕਲਪ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਇਹ ਅਹਿਮ ਕਦਮ ਮੰਨਿਆ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਚੰਗੇ ਇਲਾਜ ਲਈ ਵੱਡੇ ਹਸਪਤਾਲਾਂ ਵਿਚ ਜਾਣ ਦੀ ਲੋੜ ਨਹੀਂ ਪਵੇਗੀ।

# ਮੁਰਸ਼ਦਾਬਾਦ ਦੰਗਿਆਂ ਦੀ ਰਾਜਪਾਲ ਨੇ ਕੇਂਦਰ ਨੂੰ ਰਿਪੋਰਟ ਸੌਂਪੀ

## ਹਾਲਾਤ ਖਰਾਬ ਹੋਣ ਬਾਰੇ ਸੂਬਾ ਸਰਕਾਰ ਨੂੰ ਜਾਣਕਾਰੀ ਸੀ: ਬੋਸ; ਰਾਜਪਾਲ ਨੇ ਪੱਛਮੀ ਬੰਗਾਲ ਵਿਚ ਸ਼ਾਂਤੀ ਬਣਾਈ ਰੱਖਣ ਲਈ ਕਈ ਸੁਝਾਅ ਦਿੱਤੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਪੱਛਮੀ ਬੰਗਾਲ ਦੇ ਰਾਜਪਾਲ ਸੀਵੀ ਆਨੰਦ ਬੋਸ ਨੇ ਮੁਰਸ਼ਿਦਾਬਾਦ ਜ਼ਿਲ੍ਹੇ ਵਿੱਚ ਹਾਲ ਹੀ ਵਿੱਚ ਹੋਏ ਦੰਗਿਆਂ ਬਾਰੇ ਗ੍ਰਹਿ ਮੰਤਰਾਲੇ ਨੂੰ ਇੱਕ ਰਿਪੋਰਟ ਸੌਂਪੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕੱਟੜਵਾਦ ਅਤੇ ਅਤਿਵਾਦ ਦੀ ਦੋਹਰੀ ਸਮੱਸਿਆ ਸੂਬੇ ਲਈ ਇੱਕ ਗੰਭੀਰ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਹਾਲਾਤ ਖਰਾਬ ਹੋਣ ਬਾਰੇ ਸੂਬਾ ਸਰਕਾਰ ਨੂੰ ਜਾਣਕਾਰੀ ਸੀ ਤੇ ਇਹ ਦੰਗੇ ਪੂਰਵ ਨਿਰਧਾਰਿਤ ਜਾਪਦੇ ਹਨ।

ਉਨ੍ਹਾਂ ਰਿਪੋਰਟ ਵਿੱਚ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਇੱਕ ਜਾਂਚ ਕਮਿਸ਼ਨ ਅਤੇ ਕੇਂਦਰੀ ਬਲਾਂ ਜਾਂ ਬੀਐਸਐਫ ਦੀਆਂ ਚੌਕੀਆਂ ਬਣਾਉਣ ਤੇ ਕੁਝ ਹੋਰ ਸੁਝਾਅ ਦਿੱਤੇ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਰਾਜਪਾਲ ਨੇ ਧਾਰਾ 356 ਨੂੰ ਲਾਗੂ ਕਰਨ ਦਾ ਪ੍ਰਸਤਾਵ ਨਹੀਂ ਦਿੱਤਾ ਹੈ। ਉਸ ਦਾ ਅਰਥ ਸੀ ਕਿ ਜੇਕਰ ਸੂਬੇ ਵਿੱਚ ਸਥਿਤੀ ਹੋਰ ਵਿਗੜਦੀ ਹੈ ਤਾਂ ਧਾਰਾ 356 ਲਾਉਣ ਦੀਆਂ ਵਿਵਸਥਾਵਾਂ ਕੇਂਦਰ ਲਈ ਖੁੱਲ੍ਹੀਆਂ ਹਨ। ਦੂਜੇ ਪਾਸੇ ਟੀਐਮਸੀ ਨੇ ਇਸ ਰਿਪੋਰਟ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ ਜਦਕਿ ਭਾਜਪਾ ਨੇ ਇਸ ਰਿਪੋਰਟ ਦੀ ਸ਼ਲਾਘਾ ਕੀਤੀ ਹੈ।

ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਦੰਗੇ ਪੂਰਵ-ਨਿਰਧਾਰਤ ਜਾਪਦੇ ਸਨ ਅਤੇ ਰਾਜ ਸਰਕਾਰ ਕਾਨੂੰਨ ਅਤੇ ਵਿਵਸਥਾ ਲਈ ਖਤਰੇ ਦੇ ਕਾਰਨਾਂ ਤੋਂ ਜਾਣੂ ਸੀ।

ਉਨ੍ਹਾਂ ਕਿਹਾ, "ਕੱਟੜਵਾਦ ਅਤੇ ਅਤਿਵਾਦ ਦੀ ਦੋਹਰੀ ਸਮੱਸਿਆ ਪੱਛਮੀ ਬੰਗਾਲ ਲਈ ਇੱਕ ਗੰਭੀਰ ਚੁਣੌਤੀ ਹੈ।'

# SKM ਗ਼ੈਰ-ਸਿਆਸੀ 'ਚ ਬਗ਼ਾਵਤ, ਸ਼ੰਭੂ-ਖਨੌਰੀ ਮੋਰਚੇ ਦੇ ਆਗੂਆਂ 'ਤੇ ਲੱਗੇ ਕਰੋੜਾਂ ਦੇ ਘਪਲੇ ਦੇ ਇਲਜ਼ਾਮ

## ਕੋਟਬੁੱਢਾ ਨੇ ਲਗਾਏ ਜਗਜੀਤ ਡੱਲੇਵਾਲ, ਕਾਕਾ ਕੋਟੜਾ ਤੇ ਅਭਿਮਨਿਊ ਕੋਹਾੜ 'ਤੇ ਲਗਾਏ ਵੱਡੇ ਇਲਜ਼ਾਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com







ਜਾਣਕਾਰੀ ਅਨੁਸਾਰ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਦੋ ਮੋਰਚੇ ਚਲਾਏ ਜਾ ਰਹੇ ਸਨ। ਖਨੌਰੀ ਬਾਰਡਰ ਦੇ ਮੋਰਚੇ ਤੇ ਜਿੱਥੇ ਸੰਯੁਕਤ ਕਿਸਾਨ ਮੋਰਚੇ ਗ਼ੈਰ-ਸਿਆਸੀ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ 'ਤੇ ਬੈਠੇ ਸਨ। ਉਥੇ ਉਨ੍ਹਾਂ ਨਾਲ ਕਿਸਾਨ ਆਗੂ ਇੰਦਰਜੀਤ ਸਿੰਘ ਕੋਟਬੁੱਢਾ ਵੀ ਉਨ੍ਹਾਂ ਨਾਲ ਉਸ ਮੋਰਚੇ 'ਚ ਸ਼ਾਮਲ ਸਨ। ਹੁਣ ਉਨ੍ਹਾਂ ਵਲੋਂ ਜਗਜੀਤ ਸਿੰਘ ਡੱਲੇਵਾਲ ਸਮੇਤ ਕਾਕਾ ਕੋਟੜਾ ਤੇ ਅਭਿਮਨਿਊ ਕੋਹਾੜ 'ਤੇ ਕਰੋੜਾਂ ਦਾ ਘਪਲਾ ਕਰਨ ਦਾ ਦੋਸ਼ ਲਾਇਆ ਹੈ। ਨਾਲ ਹੀ ਕੋਟਬੁੱਢਾ ਨੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਮੋਰਚੇ ਦਾ ਘਾਣ ਵੀ ਕੀਤਾ।

ਜਦੋਂ ਇਸ ਸਬੰਧੀ ਅਭਿਮਨਿਊ ਕੋਹਾੜ ਨਾਲ ਫ਼ੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਖ਼ਾਲੀ ਇਲਜ਼ਾਮ ਨਾਲ ਕੁੱਝ ਨਹੀਂ ਹੁੰਦਾ। ਉਨ੍ਹਾਂ ਨੂੰ ਸਬੂਤ ਪੇਸ਼ ਕਰਨੇ ਚਾਹੀਦੇ ਹਨ। ਜਿਸ ਸਬੰਧੀ ਮੀਟਿੰਗ ਕੀਤੀ ਜਾ ਸਕਦੀ ਹੈ। ਪਰ ਫਿਰ ਵੀ ਜੇ ਸਬੂਤ ਸਾਡੇ ਸਾਹਮਣੇ ਨਹੀਂ ਪੇਸ਼ ਕਰਨੇ ਤਾਂ ਉਨ੍ਹਾਂ ਨੂੰ ਮੀਡੀਆ ਸਾਹਮਣੇ ਸਬੂਤ ਪੇਸ਼ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨਹੀਂ ਤਾਂ ਕੋਈ ਵੀ ਕਿਸੇ 'ਤੇ ਕੋਈ ਵੀ ਦੋਸ਼ ਲਗਾ ਸਕਦਾ ਹੈ। ਜਿਸ ਦਾ ਕੋਈ ਅਰਥ ਨਹੀਂ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਕੁੱਝ ਸਮੇਂ ਪਹਿਲਾਂ ਸਾਡੀ ਉਨ੍ਹਾਂ ਨਾਲ ਮੀਟਿੰਗ ਹੋਈ ਸੀ। ਉਹ ਮੀਟਿੰਗ 'ਚ ਚਰਚਾ ਕਰ ਸਕਦੇ ਸੀ ਜੇ ਅਜਿਹੀ ਕੋਈ ਗੱਲ ਸੀ। ਉਨ੍ਹਾਂ ਨੇ ਮੀਟਿੰਗ 'ਚ ਅਜਿਹੀ ਕੋਈ ਗੱਲ ਨਹੀਂ ਰੱਖੀ ਤੇ ਮੀਟਿੰਗ ਨੂੰ ਪੂਰੇ ਕੀਤੇ ਬਿਨਾਂ ਵਿਚੋਂ ਹੀ ਚਲੇ ਗਏ। ਕਈ ਮੀਟਿੰਗਾਂ 'ਚ ਉਹ ਆਏ ਹੀ ਨਹੀਂ। ਉਨ੍ਹਾਂ ਸਾਰੇ ਇਲਜਾਮਾਂ ਨੂੰ ਨਕਾਰਦਿਆਂ ਕਿਹਾ ਕਿ ਜੇ ਉਨ੍ਹਾਂ ਕੋਲ ਕੋਈ ਸਬੂਤ ਹੈ ਤਾਂ ਉਹ ਪੇਸ਼ ਕਰਨ ਜਿਸ 'ਤੇ ਬਣਦੀ ਕਾਰਵਾਈ ਕੀਤੀ ਜਾ ਸਕਦੀ ਹੈ ਪਰੰਤੂ ਪਹਿਲਾਂ ਉਹ ਕੋਈ ਪੁਖਤਾ ਸਬੂਤ ਪੇਸ਼ ਕਰਨ।

ਜ਼ਿਕਰਯੋਗ ਹੈ ਕਿ ਦਿੱਲੀ ਮੋਰਚੇ ਤੋਂ ਬਾਅਦ ਵੀ ਕਿਸਾਨ ਮੋਰਚੇ ਤੇ ਅਜਿਹੇ ਦੋਸ਼ ਲੱਗ ਚੁੱਕੇ ਹਨ ਤੇ ਹੁਣ ਜਦੋਂ ਸ਼ੰਭੂ ਤੇ ਖਨੌਰੀ ਬਾਰਡਰ ਦੇ ਮੋਰਚੇ ਖ਼ਤਮ ਹੋ ਚੁੱਕੇ ਹਨ ਤਾਂ ਇਕ ਵਾਰ ਫਿਰ ਅਜਿਹੇ ਇਲਜਾਮ ਸਾਹਮਣੇ ਆਏ ਹਨ ਜੋ ਵੱਡੇ ਆਗੂਆਂ 'ਤੇ ਲੱਗੇ ਹਨ। ਤੁਹਾਨੂੰ ਦੱਸ ਦਈਏ ਕਿ ਜਦੋਂ ਜਗਜੀਤ ਸਿੰਘ ਡੱਲੇਵਾਲ ਵਲੋਂ ਮਰਨ ਵਰਤ ਤੋੜਿਆ ਸੀ ਤਾਂ ਉਸ 'ਤੇ ਵੀ ਕਈ ਕਿਸਾਨ ਆਗੂਆਂ ਨੇ ਸਵਾਲ ਖੜੇ ਕੀਤੇ ਸਨ। ਪਰੰਤੂ ਹੁਣ ਕਿਸਾਨ ਆਗੂ ਇੰਦਰਜੀਤ ਸਿੰਘ ਕੋਟਬੁੱਢਾ ਵਲੋਂ ਜਗਜੀਤ ਸਿੰਘ ਡੱਲੇਵਾਲ ਸਮੇਤ ਕਾਕਾ ਕੋਟੜਾ ਤੇ ਅਭਿਮਨਿਊ ਕੋਹਾੜ ਵੱਡੇ ਇਲਜ਼ਾਮ ਲੱਗਣ ਕਾਰਨ ਉਹ ਸਵਾਲਾਂ ਦੇ ਘੇਰੇ 'ਚ ਆ ਗਏ ਹਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

# ਤਿਤਲੀ ਤੋਂ ਮਿਲੀ ਜੀਵਨ ਦੀ ਸਿੱਖਿਆ



ਡਾ. ਅਮਰ ਪ੍ਰਤਾਪ ਸਿੰਘ ਫਰਵਾਹਾ, ਪ੍ਰੋਫੈਸਰ, ਈਸੀਈ ਵਿਭਾਗ, ਸੰਤ ਲੌਂਗੋਵਾਲ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾਨ, ਲੌਂਗੋਵਾਲ-148106, ਜਿਲਾ ਸੰਗਰੂਰ, ਪੰਜਾਬ।

ਕੁਦਰਤ ਸਦਾ ਤੋਂ ਹੀ, ਮਨੁੱਖੀ ਵਿਕਾਸ ਦੀ, ਅਸਲ ਲੈਬ ਰਹੀ ਹੈ। ਜਿਵੇਂ ਜਲਦਬਾਜ਼ੀ ਵਾਲੀ ਦੁਨੀਆ ਵਿੱਚ, ਅਸੀਂ ਤਕਨਾਲੋਜੀ ਅਤੇ ਵਿਗਿਆਨ ਵੱਲ, ਭੱਜ ਰਹੇ ਹਾਂ, ਉਸੇ ਸਮੇਂ, ਕੁਦਰਤ ਚੁੱਪਚਾਪ ਸਾਨੂੰ, ਜੀਵਨ ਦੇ ਅਸਲ ਅਰਥ, ਸਿਖਾ ਰਹੀ ਹੈ। ਤਿਤਲੀ, ਇੱਕ ਛੋਟਾ ਜੀਵ ਹੈ, ਪਰ ਇਹ, ਬੇਅੰਤ ਗਿਆਨ ਦੀ ਮਾਲਕ ਵੀ ਹੈ। ਤਿਤਲੀ ਦੀ ਉਡਾਣ, ਸਿਰਫ਼ ਰੰਗਾਂ ਦੀ ਰਾਸ ਨਹੀਂ, ਇਕ ਪ੍ਰਕਿਰਿਆ ਹੈ, ਜਿਹੜੀ, ਚੋਣ, ਸੰਵੇਦਨ, ਅਤੇ ਧੀਰਜ ਵਰਗੀਆਂ ਪਰਿਕਿਰਿਆਵਾਂ ਦੀ ਮਾਲਿਕ ਹੈ। ਉਹ ਆਪਣੀ ਦਿਸ਼ਾ, ਕਿਸੇ ਆਵਾਜ਼ ਜਾਂ ਹੁਕਮ ਨਾਲ ਨਹੀਂ, ਸਿਰਫ਼ ਖੁਸ਼ਬੂ ਨਾਲ, ਨਿਰਧਾਰਤ ਕਰਦੀ ਹੈ। ਉਹ ਘੁੰਮਦੀ ਹੈ, ਖੋਜਦੀ ਹੈ, ਅਤੇ ਸਿੱਖਦੀ ਹੈ। ਇਹ ਸਭ ਕੁਝ, ਬਿਨਾਂ ਹੋਰਾਂ ਨਾਲ ਟਕਰਾਏ ਅਤੇ ਬਿਨਾਂ ਕਿਸੇ ਉਥਲ-ਪੁਥਲ ਦੇ। ਉਸ ਦੀ ਇਹ ਅਦਾ, ਸਾਨੂੰ ਦੱਸਦੀ ਹੈ, ਕਿ ਸਰੋਤ ਲੱਭਣ ਲਈ, ਚੁੱਪੀ ਨਾਲ ਵੀ, ਚਲਿਆ ਜਾ ਸਕਦਾ ਹੈ। ਧੀਰਜ ਅਤੇ ਅਨੁਕੂਲਤਾ, ਸਫਲਤਾ ਦੀਆਂ ਅਸਲ ਕੁੰਜੀਆਂ ਹਨ। ਵਾਤਾਵਰਣ ਦੀ ਭਾਲ, ਪਰਖ ਅਤੇ ਭਾਵਨਾ, ਜੀਵ ਜਾਂ ਮਨੁੱਖੀ ਸੂਝ ਨੂੰ ਹੋਰ, ਤਿੱਖਾ ਕਰ ਸਕਦੀ ਹੈ।

## ਤਿਤਲੀਆਂ ਦੀਆਂ ਵੱਖ-ਵੱਖ ਜੈਵਿਕ ਘਟਨਾਵਾਂ:

ਤਿਤਲੀਆਂ ਖੁਸ਼ਬੂ, ਰੌਸ਼ਨੀ ਅਤੇ ਰੰਗ ਰਾਹੀਂ, ਆਪਣਾ ਟੀਚਾ ਲੱਭਦੀਆਂ ਹਨ। ਉਹ ਆਪਣੀ ਘਣਤਾ ਅਤੇ ਦੂਰੀ ਦੇ ਆਧਾਰ ਤੇ, ਵੱਖ-ਵੱਖ ਦਿਸ਼ਾਵਾਂ ਵੱਲ, ਖਿੱਚੀਆਂ ਜਾਂਦੀਆਂ ਹਨ। ਤਿਤਲੀਆਂ ਦੇ ਜੀਵਨ ਵਿੱਚ, ਹੇਠ ਲਿਖੀਆਂ ਪੰਜ, ਪ੍ਰਮੁੱਖ ਗਤੀਵਿਧੀਆਂ ਹੁੰਦੀਆਂ ਹਨ:

1. ਖੁਸ਼ਬੂ ਦੇ ਅਧਾਰ ਤੇ ਗਤੀਵਿਧੀ: ਤਿਤਲੀਆਂ ਦੀ ਖਾਸ ਵਿਸ਼ੇਸ਼ਤਾ, ਇਹ ਹੁੰਦੀ ਹੈ ਕਿ, ਉਹ ਖੁਸ਼ਬੂ ਨੂੰ ਮਹਿਸੂਸ ਕਰਕੇ, ਆਪਣੀ ਦਿਸ਼ਾ ਨਿਰਧਾਰਤ ਕਰਦੀਆਂ ਹਨ। ਉਹਨਾਂ ਦੇ ਐਂਟੀਨਾ ਅਤੇ ਅੰਦਰੂਨੀ ਸੰਵੇਦਕ, ਉਨ੍ਹਾਂ ਨੂੰ ਵਾਤਾਵਰਣ ਵਿੱਚ ਮੌਜੂਦ, ਰਸਾਇਣਕ ਸੰਕੇਤਾਂ ਦੀ ਜਾਣਕਾਰੀ ਦਿੰਦੇ ਹਨ। ਇਹ ਸੰਕੇਤ, ਭੋਜਨ ਦੇ ਸਰੋਤ (ਜਿਵੇਂ ਫੁੱਲ), ਸਾਥੀ ਦੀ ਖੋਜ (ਸੰਤਾਨ ਉਤਪੱਤੀ ਲਈ) ਜਾਂ ਖ਼ਤਰੇ ਤੋਂ ਬਚਾਅ ਲਈ, ਵਰਤੇ ਜਾਂਦੇ ਹਨ। ਤਿਤਲੀ, ਵਧੀਆ ਖੁਸ਼ਬੂ ਵਾਲੀ, ਦਿਸ਼ਾ ਵੱਲ ਹੀ ਜਾਂਦੀ ਹੈ।

2. ਗਲੋਬਲ ਖੋਜ: ਜਦੋਂ ਤਿਤਲੀ ਨੂੰ ਦੂਰੀ ਤੋਂ, ਖੁਸ਼ਬੂ ਆਉਂਦੀ ਹੈ, ਤਾਂ ਉਹ ਇੱਕ ਨਿਰਧਾਰਤ ਦਿਸ਼ਾ ਵਿੱਚ ਉੱਡਦੀ ਹੈ, ਜਿਸ ਕਾਰਨ, ਉਹ ਸਰਵੋਤਮ (ਗਲੋਬਲ) ਭੋਜਨ ਵੱਲ ਅੱਗੇ ਵੱਧਦੀ ਹੈ। ਇਹ ਅਭਿਆਸ, ਉਸ ਭੋਜਨ ਵੱਲ ਲਿਜਾਂਦਾ ਹੈ, ਜੋ ਹੁਣ ਤੱਕ ਸਭ ਤੋਂ ਉਤਮ ਭੋਜਨ ਹੋਵੇ।



3. ਲੋਕਲ ਖੋਜ: ਜਦ ਤਕ, ਕੋਈ ਵੱਡੀ ਖੁਸ਼ਬੂ ਨਹੀਂ ਮਿਲਦੀ, ਤਿਤਲੀ ਆਪਣੀ, ਨੇੜਲੀ ਚੋਖਟ ਵਿੱਚ, ਖੋਜ ਕਰਦੀ ਹੈ। ਇਹ ਪ੍ਰਕਿਰਿਆ, ਵਧੀਆ ਭੋਜਨ ਲੱਭਣ ਲਈ, ਨੇੜਲੇ ਇਲਾਕੇ ਦੀ ਜਾਂਚ ਕਰਨ ਲਈ ਵਰਤੀ ਜਾਂਦੀ ਹੈ।

4. ਗਲੋਬਲ ਅਤੇ ਲੋਕਲ ਖੋਜ ਦਾ ਸੰਤੁਲਨ: ਇਹ ਦੋਵੇਂ ਪ੍ਰਕਿਰਿਆਵਾਂ, ਗਲੋਬਲ ਅਤੇ ਲੋਕਲ ਖੋਜ ਦਾ ਸੰਤੁਲਨ, ਬਣਾਈ ਰੱਖਦੀਆਂ ਹਨ, ਜਿਸ ਨਾਲ ਤਿਤਲੀ, ਨਵੀਂ ਖੋਜ (ਨਵਾਂ ਭੋਜਨ) ਅਤੇ ਸਰਵੋਤਮ ਭੋਜਨ ਦੀ, ਗਹਿਰਾਈ ਨਾਲ ਜਾਂਚ ਕਰਦੀ ਹੈ।

5. ਪਰਸਪਰ ਸੰਚਾਰ ਅਤੇ ਅਨੁਕੂਲਤਾ: ਕਈ ਤਿਤਲੀਆਂ ਕੈਮੀਕਲ ਰਾਹੀਂ ਇਕ-ਦੂਜੇ ਨਾਲ ਸੰਚਾਰ ਕਰਦੀਆਂ ਹਨ, ਜਿਸ ਨਾਲ ਉਹ ਆਪਣੀ ਸਮੂਹਕ ਗਤੀਵਿਧੀ ਨੂੰ ਸੰਪੂਰਨ ਕਰਦੀਆਂ ਹਨ।

## ਤਿਤਲੀਆਂ ਦੀ ਸੰਵੇਦਨਾ ਅਤੇ ਇੰਟੈਲੀਜੈਂਸ:

ਤਿਤਲੀ, ਕਦੇ ਵੀ, ਇਕ ਹੀ ਫੁੱਲ ਤੇ ਨਹੀਂ ਬੈਠਦੀ। ਉਹ, ਖੁਸ਼ਬੂ ਦੀ ਪਛਾਣ ਕਰਦੀ ਹੈ, ਧੀਰਜ ਨਾਲ ਖੋਜ ਕਰਦੀ ਹੈ, ਅਤੇ ਜਿਥੇ ਸਭ ਤੋਂ ਵਧੀਆ ਖੁਸ਼ਬੂ ਹੋਵੇ, ਉਥੇ ਪਹੁੰਚਦੀ ਹੈ। ਮੁੱਖ ਤੌਰ ਤੇ, ਤਿਤਲੀ ਦੀਆਂ, ਚਾਰ ਵੱਖ ਵੱਖ ਜੈਵਿਕ ਗਤੀਵਿਧੀਆਂ ਹੁੰਦੀਆਂ ਹਨ, ਜਿਵੇਂ ਕਿ:

1. ਤਿਤਲੀਆਂ, ਖੁਸ਼ਬੂ ਨੂੰ ਮਹਿਸੂਸ ਕਰਕੇ, ਆਪਣੀ ਦਿਸ਼ਾ ਨਿਰਧਾਰਤ ਕਰਦੀਆਂ ਹਨ।
2. ਉਹ, ਆਪਣੀ ਯਾਦਾਸ਼ਤ ਅਤੇ ਅਨੁਭਵ ਅਨੁਸਾਰ ਆਪਣੀ ਦਿਸ਼ਾ ਨੂੰ ਢਾਲ ਸਕਦੀਆਂ ਹਨ।
3. ਤਿਤਲੀਆਂ, ਅਲੱਗ-ਅਲੱਗ ਤਰ੍ਹਾਂ ਦੀਆਂ ਰੌਸ਼ਨੀਆਂ ਨੂੰ ਮਹਿਸੂਸ ਕਰ ਸਕਦੀਆਂ ਹਨ।
4. ਉਹ, ਸੂਖਮ ਵਾਤਾਵਰਣੀ ਬਦਲਾਅ ਨੂੰ ਭਾਪ ਸਕਦੀਆਂ ਹਨ।

## ਮਨੁੱਖਤਾ ਲਈ ਸੰਦੇਸ਼:

ਤਿਤਲੀਆਂ, ਨਾ ਸਿਰਫ਼ ਸੁਗੰਧਾਂ ਦੀ, ਸਗੋਂ ਰੰਗਾਂ ਦੀ ਵੀ ਚੋਣ ਕਰਨ ਵਿੱਚ ਮਾਹਰ ਹੁੰਦੀਆਂ ਹਨ। ਉਹ ਹਰ ਖੁਸ਼ਬੂ ਦਾ ਪਰੀਖਣ ਕਰਦੀਆਂ ਹਨ, ਪਰ ਸਿਰਫ਼ ਵਧੀਆ ਖੁਸ਼ਬੂ ਨੂੰ ਹੀ, ਚੁਣਦੀਆਂ ਹਨ। ਉਹ ਸਿਖਾਉਂਦੀਆਂ ਹਨ, ਕਿ ਜੀਵਨ ਵਿੱਚ ਵੀ, ਹਰ ਮੌਕਾ ਤੁਹਾਡਾ ਨਹੀਂ ਹੁੰਦਾ, ਪਰ ਜੋ ਤੁਹਾਡਾ ਹੋਵੇ, ਉਹ ਧੀਰਜ, ਅੰਤਰ-ਗਿਆਨ ਅਤੇ ਸਾਵਧਾਨੀ ਨਾਲ, ਪਹਿਚਾਨਿਆ ਜਾ ਸਕਦਾ ਹੈ। ਮਨੁੱਖ ਵੀ, ਜੇ ਆਪਣੇ ਜੀਵਨ ਵਿੱਚ ਧੀਰਜ, ਸੰਵੇਦਨਸ਼ੀਲਤਾ ਅਤੇ ਹੋਰਾਂ ਤੋਂ ਸਿੱਖਣ ਦੀ ਯੋਗਤਾ ਰੱਖੇ, ਤਾਂ ਉਹ ਹਰ ਸਮੱਸਿਆ ਦਾ ਹੱਲ ਲੱਭ ਸਕਦਾ ਹੈ। ਕੁਦਰਤ ਸਾਨੂੰ ਦੱਸਦੀ ਹੈ ਕਿ ਹਰ ਦਿਸ਼ਾ ਨੂੰ ਅਜਮਾਉਣਾ, ਚੰਗਾ ਹੁੰਦਾ ਹੈ, ਗਲਤੀਆਂ ਤੋਂ ਸਿੱਖਣਾ, ਬੁੱਧੀਮਾਨੀ ਹੈ ਅਤੇ ਸਭ ਤੋਂ ਵਧੀਆ ਹੱਲ ਹਮੇਸ਼ਾ, ਧੀਰਜ ਅਤੇ ਸਮੂਹਿਕਤਾ ਨਾਲ ਮਿਲਦਾ ਹੈ। ਤਿਤਲੀ ਵਾਂਗ ਜੀਓ—ਨਰਮ, ਸੰਵੇਦਨਸ਼ੀਲ ਅਤੇ ਅਨੁਕੂਲ। ਕੁਦਰਤ ਸਾਨੂੰ ਸਦਾ ਸਿੱਖਾਉਂਦੀ ਹੈ, ਸਿਰਫ਼ ਵੇਖਣ ਵਾਲੀਆਂ ਅੱਖਾਂ ਦੀ ਲੋੜ ਹੈ।

## ਸਾਰ:

ਤਿਤਲੀਆਂ ਦੀ ਖੁਸ਼ਬੂ ਸੰਵੇਦਨਾ, ਉਡਾਣ ਦੇ ਪੈਟਰਨ, ਅਤੇ ਪਰਸਪਰ ਸੰਚਾਰ, ਇੱਕ ਐਸਾ ਜੈਵਿਕ ਮਾਡਲ ਮੁਹੱਈਆ ਕਰਦਾ ਹੈ ਜੋ ਆਧੁਨਿਕ ਕੰਪਿਊਟਰ ਪ੍ਰਣਾਲੀ ਰਾਹੀਂ ਮੁਸ਼ਕਲ ਮਸਲੇ ਹੱਲ ਕਰਨ ਲਈ, ਇਕ ਪ੍ਰਭਾਵਸ਼ਾਲੀ ਹਥਿਆਰ ਬਣ ਚੁੱਕਾ ਹੈ। ਤਿਤਲੀ ਦਾ ਜੈਵਿਕ ਮਾਡਲ, ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਕੁਦਰਤ ਸਭ ਤੋਂ ਮਹਾਨ ਵਿਦਵਾਨ ਹੈ, ਅਤੇ ਉਸ ਤੋਂ ਪ੍ਰੇਰਣਾ ਲੈ ਕੇ ਅਸੀਂ ਸਮੱਸਿਆਵਾਂ ਦੇ ਨਵੇਂ ਹੱਲ ਲੱਭ ਸਕਦੇ ਹਾਂ। ਉਹ ਦੱਸਦੀਆਂ ਹਨ, ਜਿਥੇ ਘੱਟ ਦੁਖ ਹੋਵੇ, ਉਥੇ ਜ਼ਰੂਰੀ ਨਹੀਂ, ਕਿ ਵਧੀਆ ਹੱਲ ਵੀ ਹੋਵੇ। ਪਰ ਜਿੱਥੇ ਖੁਸ਼ਬੂ (ਬੁੱਧੀ) ਹੋਵੇ, ਉਥੇ ਅਸਲ ਜੀਵਨ, ਹੋ ਸਕਦਾ ਹੈ। ਸਾਡੀ ਦੁਨੀਆਂ ਨੂੰ, ਹੁਣ ਕਿਸੇ ਵੱਡੀ ਆਵਾਜ਼, ਜਾਂ ਚਮਕਦਾਰ ਨਾਟਕ ਦੀ ਲੋੜ ਨਹੀਂ, ਸਗੋਂ ਤਿਤਲੀ ਵਾਂਗ ਨਰਮ, ਪਰ ਚੁਸਤ ਸੋਚ ਦੀ ਲੋੜ ਹੈ। ਵਿਗਿਆਨ, ਤਕਨਾਲੋਜੀ, ਅਤੇ ਜੀਵਨ, ਤਿੰਨਾਂ ਨੂੰ, ਜਦੋਂ ਅਸੀਂ ਕੁਦਰਤ ਨਾਲ ਜੋੜ ਕੇ ਵੇਖਦੇ ਹਾਂ, ਤਾਂ ਹਰੇਕ ਸਮੱਸਿਆ ਦਾ ਹੱਲ, ਆਪਣੇ ਆਪ ਪ੍ਰਗਟ ਹੋ ਜਾਂਦਾ ਹੈ। ਤਿਤਲੀ ਵਾਂਗ ਸੋਚੋ — ਹੌਲੀ, ਸੰਵੇਦਨਸ਼ੀਲ ਅਤੇ ਸਮੱਸਿਆਵਾਂ ਦੀ ਗੁੰਝਲ ਵਿੱਚੋਂ, ਰੰਗਾਂ ਭਰੀ ਉਡਾਣ ਵੱਲ। ਕੁਦਰਤ ਦੀ ਨਕਲ ਨਹੀਂ, ਉਸ ਨਾਲ ਰਿਸ਼ਤਾ ਬਣਾਓ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

# ਮਧੂ ਮੱਖੀ/ ਭੂਮਣਾ :



ਸਰਬਜੀਤ ਜਰਮਨੀ

ਜਾਨਵਰਾਂ ਦੀ ਗੱਲ ਕਰੀਏ ਤਾਂ ਸਭ ਆਪਣੀ ਆਪਣੀ ਥਾਂ ਜ਼ਰੂਰੀ ਹਨ ਕਿਉਂਕਿ ਇਹ ਕੁਦਰਤ ਦੇ ਸਿਰਜਣ ਹਾਰੇ ਨੇ ਚੁਣ ਚੁਣ ਕੇ ਬਣਾਏ ਹਨ। ਕਿਸੇ ਦੀ ਰੂਪ ਰੇਖਾ ਖਿੱਚ ਦਾ ਕੇਂਦਰ ਬਣਦੀ, ਕਿਸੇ ਦੀ ਮਧੁਰ ਅਵਾਜ਼, ਕਿਸੇ ਦੀ ਦਹਾੜ, ਕਿਸੇ ਦੀ ਮਾਸੂਮੀਅਤ, ਕਿਸੇ ਦੀ ਵਫ਼ਾਦਾਰੀ ਤੇ ਕਿਸੇ ਦੀ ਮਨੁੱਖ ਨੂੰ ਦੇਣ।

ਜੇਕਰ ਦੋ ਜਾਨਵਰ ਨਾ ਹੁੰਦੇ ਤਾਂ ਅੱਜ ਤੰਦਰੁਸਤ ਮਨੁੱਖ ਵੀ ਨਾ ਹੁੰਦਾ। ਉਹ ਦੋ ਖਾਸ ਜਾਨਵਰ ਹਨ ਗਾਂ ਤੇ ਮਧੂ ਮੱਖੀ। ਅੱਜ ਅਸੀਂ ਗੱਲ ਕਰਦੇ ਹਾਂ ਭੂਮਣੇ ਦੀ। ਮਧੂ ਮੱਖੀ ਦੇ ਇਕੱਠ ਨੂੰ ਅਸੀਂ ਭੂਮਣਾ ਵੀ ਆਖਦੇ ਹਾਂ। ਮਧੂ ਮੱਖੀ ਦੀਆਂ ਛੇ ਲੱਤਾਂ, ਪੰਜ ਅੱਖਾਂ, ਚਾਰ ਖੰਭ , ਦੋ ਢਿੱਡ ਹੁੰਦੇ ਹਨ। ਇੱਕ ਢਿੱਡ ਖਾਣੇ ਲਈ ਅਤੇ ਦੂਜਾ ਫੁੱਲਾਂ ਤੋਂ ਇਕੱਠਾ ਕੀਤਾ ਰਸ ਸਾਂਭਣ ਲਈ ਵਰਤਦੀਆਂ ਹਨ। ਇਹਨਾਂ ਦੀਆਂ ਦੋ ਵੱਡੀਆਂ ਅੱਖਾਂ ਅਤੇ ਉਹਨਾਂ ਦੇ ਵਿਚਕਾਰ ਮੱਥੇ ਉੱਤੇ ਤਿੰਨ ਛੋਟੀਆਂ ਅੱਖਾਂ ਹੁੰਦੀਆਂ ਹਨ। ਇਹ 24 ਕਿਲੋਮੀਟਰ (ਪ੍ਰਤੀ ਘੰਟਾ ) ਦੀ ਰਫ਼ਤਾਰ ਨਾਲ ਉੱਡ ਸਕਦੀਆਂ ਹਨ। ਇਹ ਇੱਕ ਵਾਰ ਵਿੱਚ 14 ਕਿੱਲੋਮੀਟਰ ਤੱਕ ਉੱਡ ਸਕਦੀਆਂ ਹਨ। ਇਹ ਇੱਕ ਖਾਸ ਅਵਾਜ਼ ਨਾਲ ਇੱਕ ਦੂਜੇ ਨਾਲ ਗੱਲਬਾਤ ਕਰਦੀਆਂ ਹਨ। ਇਹ ਆਪਣੇ ਖੰਭ 200ਵਾਰ ਪ੍ਰਤੀ ਸੈਕੰਡ ਝਪਕਦੀਆਂ ਹਨ।

ਮਧੂ ਮੱਖੀਆਂ ਵੀ ਦੋ ਕਿਸਮ ਦੀਆਂ ਹੁੰਦੀਆਂ ਹਨ, ਮਾਦਾ ਮੱਖੀ ਤੇ ਨਰ ਮੱਖੀ। ਮਾਦਾ ਮੱਖੀਆਂ ਦੋ ਕਿਸਮ ਦੀਆਂ ਹੁੰਦੀਆਂ ਹਨ ਜ਼ਿਹਨਾਂ ਵਿੱਚ ਇੱਕ ਰਾਣੀ ਮੱਖੀ ਤੇ ਦੂਜੀਆਂ ਕਾਮਾ ਮੱਖੀਆਂ, ਨਰ ਕੇਵਲ ਇੱਕ ਕਿਸਮ ਦੇ ਹੀ ਹੁੰਦੇ ਹਨ। ਰਾਣੀ ਮੱਖੀ ਸਾਰੇ ਭੂਮਣੇ ਦੀ ਸਰਪ੍ਰਸਤ ਭਾਵ ਮੁਖੀ ਹੁੰਦੀ ਹੈ।

ਰਾਣੀ ਮੱਖੀ ਸਭ ਨੂੰ ਆਪਣੇ ਹੁਕਮ ਅੰਦਰ ਰੱਖਦੀ ਹੈ ਇਹ ਆਪ ਕੇਵਲ ਆਂਡੇ ਦੇਣ ਦਾ ਕਾਰਜ ਕਰਦੀ ਹੈ। ਇਸ ਦੀ ਉਮਰ ਪੰਜ ਸਾਲ ਹੁੰਦੀ ਹੈ ਤੇ ਇਹ ਸਾਰੇ ਭੂਮਣੇ ਵਿੱਚ ਵੱਡੀ ਤੇ ਵੱਖ ਦਿਖਾਈ ਦਿੰਦੀ ਹੈ। ਰਾਣੀ ਮੱਖੀ ਪ੍ਰਤੀ ਦਿਨ 1500 ਤੋਂ 2000 ਦੇ ਕਰੀਬ ਆਂਡੇ ਦਿੰਦੀ ਹੈ। ਰਾਣੀ ਮੱਖੀ ਦੇ ਆਂਡੇ ਤੋਂ ਬਣੀਆਂ ਮੱਖੀਆਂ ਦਾ ਜੀਵਨ ਕੇਵਲ ਦੋ ਸਾਲ ਹੀ ਹੁੰਦਾ ਹੈ।

ਮਧੂ ਮੱਖੀਆਂ ਆਪਣੇ ਰਹਿਣ ਲਈ ਇੱਕ ਖਾਸ ਕਿਸਮ ਦਾ ਘਰ ਭਾਵ ਛੱਤਾ ਤਿਆਰ ਕਰਦੀਆਂ ਹਨ। ਇੱਕ ਛੱਤੇ ਵਿੱਚ 50,000 ਤੋਂ 60,000 ਤੱਕ ਮੱਖੀਆਂ ਹੁੰਦੀਆਂ ਹਨ। ਛੱਤਾ ਮੋਮ ਦਾ ਬਣਿਆਂ ਹੁੰਦਾ ਹੈ ਜੋ ਬਹੁਤ ਸਖ਼ਤ ਵੀ ਹੁੰਦਾ ਹੈ। ਇਸ ਛੱਤੇ ਅੰਦਰ ਇਹ ਆਪਣਾ ਸ਼ਹਿਦ ਜਮਾ ਕਰਦੀਆਂ ਹਨ। ਮਨੁੱਖੀ ਘਰਾਂ ਵਾਂਗ ਮੱਖੀਆਂ ਵੀ ਆਪਣੇ ਘਰ ਦੇ ਕਈ ਕਾਰਜ ਕਰਦੀਆਂ ਹਨ । ਸਾਰਾ ਕਾਰਜ ਕਾਮਾ ਮੱਖੀਆਂ ਕਰਦੀਆਂ ਹਨ ਜਿਵੇਂ ਛੱਤੇ ਨੂੰ ਇੱਕ ਖਾਸ ਤਾਪਮਾਨ ਤੇ ਰੱਖਣਾ ਭਾਵ ਠੰਢਾ ਰੱਖਣਾ, ਛੱਤੇ ਦੀ ਸਾਫ ਸਫ਼ਾਈ ਕਰਨੀ, ਟੁੱਟ ਜਾਣ ਤੇ ਮੁਰੰਮਤ ਕਰਨੀ, ਛੱਤੇ ਦੀ ਰੱਖਿਆ ਕਰਨੀ, ਆਂਡਿਆਂ ਦੀ ਸਾਂਭ ਸੰਭਾਲ਼ ਤੇ ਪਾਲਣਾ ਕਰਨੀ, ਰਾਣੀ ਮੱਖੀ ਦੀ ਸੇਵਾ ਕਰਨੀ, ਸਭ ਦੇ ਖਾਣੇ ਪੀਣੇ ਦਾ ਇੰਤਜ਼ਾਮ ਕਰਨਾ ਆਦਿ। ਸ਼ਹਿਦ ਇਕੱਠਾ ਕਰਨ ਦਾ ਸਾਰਾ ਕਾਰਜ ਕਾਮਾ ਮੱਖੀਆਂ ਹੀ ਕਰਦੀਆਂ ਹਨ। ਇਹ ਸਾਰੀਆਂ ਕਿਸਮਾਂ ਦੇ ਫੁੱਲਾਂ ਤੋਂ ਸ਼ਹਿਦ ਇਕੱਠਾ ਕਰਦੀਆਂ ਹਨ।



ਕਾਮਾ ਮੱਖੀਆਂ ਭੋਜਨ ਦੀ ਤਲਾਸ਼ ਵਿੱਚ 14 ਕਿਲੋਮੀਟਰ ਤੱਕ ਦਾ ਸਫਰ ਤੈਅ ਕਰ ਸਕਦੀ ਹੈ।

ਸ਼ਹਿਦ ਇਕੱਠਾ ਕਰਨ ਵਾਲੀਆਂ ਮੱਖੀਆਂ ਕੇਵਲ 42 ਤੋਂ 50 ਦਿਨ ਤੱਕ ਹੀ ਜਿਉਂਦੀਆਂ ਰਹਿੰਦੀਆਂ ਹਨ ਕਿਉਂਕਿ ਇਹਨਾਂ ਦੇ ਪਿਛਲੇ ਭਾਗ ਤੇ ਇੱਕ ਤਿੱਖੀ ਚੀਜ਼ ਹੋ ਜਾਂਦੀ ਹੈ ਜਿਸ ਨੂੰ ਅਸੀਂ ਡੰਗ ਵੀ ਕਹਿੰਦੇ ਹਾਂ। ਇਹ ਡੰਗ ਇਹਨਾਂ ਦੇ ਆਪਣੇ ਵੀ ਚੁਭਣ ਲੱਗ ਜਾਂਦਾ ਹੈ ਇਸ ਨੂੰ ਤੇਜ਼ ਕੇ , ਇਸ ਤੋਂ ਮੁਕਤ ਹੋਣ ਲਈ ਇਹ ਕਈ ਵਾਰ ਮਨੁੱਖ ਨੂੰ ਵੀ ਡੰਗ ਮਾਰਦੀਆਂ ਹਨ। ਪਰ ਸੱਚ ਇਹ ਹੈ ਕਿ ਇਸੇ ਡੰਗ ਦੇ ਟੁੱਟਣ ਨਾਲ ਇਹ ਮਰ ਜਾਂਦੀਆਂ ਹਨ। ਸ਼ਹਿਦ ਸਾਨੂੰ ਕੁਦਰਤ ਦਾ ਦਿੱਤਾ ਗਿਆ ਅਨਮੋਲ ਖਜਾਨਾ ਹੈ ਪਰ ਸਾਡੇ ਤੱਕ ਇਹ ਕੇਵਲ ਤੇ ਕੇਵਲ ਮਧੂ ਮੱਖੀ ਰਾਹੀ ਹੀ ਪਹੁੰਚਦਾ ਹੈ। ਸਾਨੂੰ ਕਦੇ ਵੀ ਮੱਖੀਆਂ ਨੂੰ ਮਾਰਨਾ ਨਹੀਂ ਚਾਹੀਦਾ। ਪਾਣੀ ਤੋਂ ਇਹਨਾਂ ਨੂੰ ਖਤਰਾਂ ਹੁੰਦਾ ਹੈ ਹੋ ਸਕੇ ਤਾਂ ਪਾਣੀ ਤੋਂ ਬਚਾਉਣਾ ਚਾਹੀਦਾ ਹੈ।

ਸ਼ਹਿਦ ਦੇ ਕੁਝ ਖਾਸ ਗੁਣ

- ਇੱਕ ਸਾਲ ਤੋਂ ਉੱਪਰ ਦੀ ਉਮਰ ਦਾ ਹਰ ਇਨਸਾਨ ਸ਼ਹਿਦ ਖਾਂ ਸਕਦਾ ਹੈ।
- ਹਰ ਰੋਜ਼ ਥੋੜ੍ਹਾ ਸ਼ਹਿਦ ਖਾਣ ਨਾਲ ਖੂਨ ਸਾਫ ਹੁੰਦਾ ਹੈ ।
- ਅਦਰਕ ਦਾ ਰਸ ਮਿਲਾਕੇ ਸ਼ਹਿਦ ਖਾਣ ਨਾਲ ਗਲਾ ਸਾਫ ਭਾਵ ਖਾਂਸੀ ਤੋਂ ਰਾਹਤ ਮਿਲਦੀ ਹੈ
- ਲੋਹੇ ਦੀ ਕਮੀ ਨੂੰ ਪੂਰਾ ਕਰਦਾ ਹੈ
- ਸ਼ਹਿਦ ਨੂੰ ਕੱਟੇ ਹੋਏ ਪਿਆਜ਼ ਵਿੱਚ ਇੱਕ ਘੰਟਾ ਰੱਖ ਦਿਉ, ਬਾਅਦ ਵਿੱਚ ਇਹ ਰਸ ਪੀ ਲਉ , ਇਸ ਨਾਲ ਬੁਖ਼ਾਰ ਤੋਂ ਰਾਹਤ ਮਿਲਦੀ ਹੈ।
- ਸ਼ਹਿਦ ਦਾ ਚਮਚ ਹਰ ਰੋਜ ਪਾਣੀ ਵਿੱਚ ਪਾ ਕੇ ਪੀਣ ਨਾਲ ਚਰਬੀ ਨਹੀਂ ਬਣਦੀ, ਮੁਟਾਪਾ ਘੱਟ ਹੁੰਦਾ ਹੈ।
- ਨਿੰਬੂ ਦੇ ਰਸ ਵਿੱਚ ਸ਼ਹਿਦ ਮਿਲਾਕੇ ਪੀਣ ਨਾਲ ਬਲਗਮ/ ਰੇਛਾ ਤੋਂ ਛੁਟਕਾਰਾ ਮਿਲਦਾ ਹੈ।
- ਜ਼ਖਮਾਂ ਉਪਰ ਸ਼ਹਿਦ ਲਾਉਣ ਨਾਲ ਜ਼ਖ਼ਮ ਜਲਦੀ ਠੀਕ ਹੁੰਦਾ ਹੈ।
- ਸ਼ਹਿਦ ਨੂੰ ਧੁੰਨੀ ਵਿੱਚ ਲਾਉਣ ਨਾਲ ਚਿਹਰੇ ਦੀ ਸੁੰਦਰਤਾ ਵੱਧਦੀ ਹੈ।
- ਸ਼ਹਿਦ ਨੂੰ ਅੱਖ ਵਿੱਚ ਪਾਉਣ ਜਾ ਅੱਖ ਦੀ ਪਲਕ ਤੇ ਲਾਉਣ ਨਾਲ ਅੱਖਾਂ ਨੂੰ ਰਾਹਤ ਮਿਲਦੀ ਹੈ ਤੇ ਰੋਸ਼ਨੀ ਤੇਜ਼ ਹੁੰਦੀ ਹੈ
- ਸ਼ਹਿਦ ਨੂੰ ਚਿਹਰੇ ਉਪਰ ਲਾਉਣ ਨਾਲ ਚਿਹਰੇ ਦੇ ਦਾਗ਼ ਸਾਫ ਹੋ ਜਾਂਦੇ ਹਨ।
- ਸ਼ਹਿਦ ਨੂੰ ਰਾਤ ਨੂੰ ਗਰਮ ਦੁੱਧ ਵਿੱਚ ਪਾ ਕੇ ਪੀਣ ਨਾਲ ਨੀਂਦਰ ਬਹੁਤ ਵਧੀਆ ਆਉਂਦੀ ਹੈ।
- ਸਭ ਤੋਂ ਵੱਡਾ ਤੇ ਅਹਿਮ ਗੁਣ ਜੇਕਰ ਕਿਸੇ ਨੂੰ ਕਿਸੇ ਫੁੱਲ, ਪੱਤੇ, ਫਲ, ਪੌਦੇ ਤੋਂ ਐਲਰਜੀ ਹੋਵੇ ਤਾਂ ਹਰ ਰੋਜ ਸ਼ਹਿਦ ਖਾਣ ਨਾਲ ਇਹ ਬੀਮਾਰੀ ਜੜ ਤੋਂ ਖਤਮ ਹੋ ਜਾਂਦੀ ਹੈ।

ਸਾਡੇ ਪੰਜਾਬੀ ਵਿਰਸੇ ਵਿੱਚ ਸ਼ਹਿਦ ਦੀ ਮਹੱਤਤਾ ਤੇ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਹੀ ਸਾਡੇ ਬਜ਼ੁਰਗਾਂ ਨੇ ਨਵ-ਜੰਮੇ ਬੱਚੇ ਨੂੰ ਸ਼ਹਿਦ ਦੀ ਗੁੜ੍ਹਤੀ ਦੇਣ ਦੀ ਰੀਤ ਚਲਾਈ ਹੋਈ ਹੈ।

ਸਰਬਜੀਤ ਸਿੰਘ ਜਰਮਨੀ
Tirthsingh3@yahoo.ਕੋਮ
ਵੱਲੋਂ : ਅੰਗਰੇਜ਼ ਬਰਾੜ, ਪੱਤਰਕਾਰ :ਜ਼ੀਰਾ

# ਫੂਲੇ ਫਿਲਮ ਦੇਖਣ ਲਈ ਦਰਸ਼ਕਾਂ ਵਿੱਚ ਭਾਰੀ ਉਤਸ਼ਾਹ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com





ਮਾਨਸਾ/ਬੁਢਲਾਡਾ 4ਮਈ (ਆਤਮਾ ਸਿੰਘ ਪਮਾਰ)

ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਮਾਤਾ ਸਵਿੱਤਰੀ ਬਾਈ ਫੁਲੇ ਅਤੇ ਉਨ੍ਹਾਂ ਦੇ ਪਤੀ ਮਹਾਤਮਾ ਜੋਤੀਬਾ ਫੁਲੇ ਦੇ ਜੀਵਨ, ਸੰਘਰਸ਼ ਅਤੇ ਵਿਸ਼ੇਸ਼ ਤੌਰ 'ਤੇ ਔਰਤਾਂ ਦੀ ਸਿੱਖਿਆ ਲਈ ਕੀਤੇ ਜੋਖ਼ਮ ਭਰੇ ਅਤੇ ਸਿਰਤੋੜ ਯਤਨਾਂ ਨੂੰ ਦਰਸਾਉਂਦੀ ਫ਼ਿਲਮ" ਫੂਲੇ "ਦਾ ਪਹਿਲਾ ਸ਼ੋਅ ਅੱਜ ਬੁਢਲਾਡਾ ਦੇ ਸਕਾਈ ਸਿਨੇਮੇ 'ਚ ਪੂਰੀ ਤਰ੍ਹਾਂ ਸਫ਼ਲ ਰਿਹਾ। ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਆਏ ਦਰਸ਼ਕਾਂ ਅਤੇ ਵਿਸ਼ੇਸ਼ ਕਰਕੇ ਔਰਤਾ 'ਚ ਇਸ ਫਿਲਮ ਨੂੰ ਦੇਖਣ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਫਿਲਮ ਵਿੱਚ ਮਹਾਤਮਾ ਜੋਤੀਬਾ ਫੁਲੇ ਅਤੇ ਮਾਤਾ ਸਵਿੱਤਰੀ ਬਾਈ ਫੁਲੇ ਦੇ ਸੰਘਰਸ਼ ਨੂੰ ਬਾਕਮਾਲ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਫਿਲਮ ਨੂੰ ਦੇਖਣ ਤੋਂ ਬਾਅਦ ਭਾਵੁਕ ਹੋਏ ਦਰਸ਼ਕਾਂ ਨੇ ਕਿਹਾ ਕਿ ਹਰ ਵਰਗ ਦੇ ਲੋਕਾਂ ਨੂੰ ਇਹ ਫਿਲਮ ਜ਼ਰੂਰ ਦੇਖਣੀ ਚਾਹੀਦੀ ਹੈ।ਇਸ ਫਿਲਮ ਨੂੰ ਦੇਖਣ ਅਤੇ ਆਮ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਬਾਬਾ ਸਾਹਿਬ ਅੰਬੇਡਕਰ ਕਲੱਬ ਮਾਨਸਾ, ਅੰਬੇਡਕਰ ਯਾਦਗਾਰੀ ਕਮੇਟੀ ਭੀਖੀ ਅਤੇ ਐਸ.ਸੀ./ਬੀ.ਸੀ. ਅਧਿਆਪਕ ਯੂਨੀਅਨ ਦੇ ਆਗੂਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਮਾਸਟਰ ਬਲਵੰਤ ਸਿੰਘ ਬੱਟੀ ਮਾਨਸਾ , ਦਰਸ਼ਨ ਸਿੰਘ ਮੱਲ ਸਿੰਘ ਵਾਲਾ,ਕਰਨ ਸਿੰਘ, ਬਲਜੀਤ ਖੀਵਾ, ਜਸਵਿੰਦਰ ਜਨਕ,ਰਾਮ ਸਿੰਘ ਰੱਤਾ ਖੇੜਾ , ਚਮਕੌਰ ਸਿੰਘ ਗੁਰਨੇ ਅਤੇ ਕੇਵਲ ਕ੍ਰਿਸ਼ਨ ਤੋਂ ਇਲਾਵਾ ਵੱਡੀ ਗਿਣਤੀ ਮਰਦ, ਔਰਤਾਂ ਅਤੇ ਬੱਚੇ ਵੀ ਹਾਜ਼ਰ ਸਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਿਨਾਂ ਕਿਸੇ ਭੇਦ ਤੋਂ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਦੇ ਸਤਿਕਾਰ ਵਜੋਂ ਅਤੇ ਉਨ੍ਹਾਂ ਦੀਆਂ ਔਰਤ ਵਰਗ ਦੇ ਉਥਾਨ ਲਈ ਕੀਤੇ ਯਤਨਾ ਲਈ ਇਸ ਫਿਲਮ ਨੂੰ ਜ਼ਰੂਰ ਦੇਖਣ ਤਾਂ ਕਿ ਉਨ੍ਹਾਂ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਹੋ ਸਕੇ।

# ਪੰਜਾਬ ਵਿਚੋਂ ਨਸ਼ਾ ਖ਼ਤਮ ਕਰਕੇ ਦਮ ਲਵਾਂਗੇ - ਤਰੁਨਪ੍ਰੀਤ ਸੌਂਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਮੋਰਿੰਡਾ 4 ਮਈ ( ਪਤਰ ਪ੍ਰੇਰਕ ) ਪੰਜਾਬ ਵਿਚੋਂ ਨਸ਼ਾ ਖ਼ਤਮ ਕਰ ਕੇ ਦਮ ਲਵਾਂਗੇ। ਇਹ ਵਿਚਾਰ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਇਥੇ ਅਪਣੇ ਦੋਸਤ ਪਰਵਿੰਦਰ ਸਿੰਘ ਖੁਰਲ ਦੀ ਵਰਕਸ਼ਾਪ ਖੁਰਲ ਮੋਟਰ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਹਨਾਂ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਪਾਣੀਆਂ ਨੂੰ ਲੈ ਕੇ ਸਖ਼ਤ ਸਟੈਂਡ ਲੈ ਰੱਖਿਆ ਹੈ, ਮੈਂ ਅਪਣੀ ਜ਼ਿੰਦਗੀ ਵਿੱਚ ਅਜਿਹਾ ਮੁੱਖ ਮੰਤਰੀ ਨਹੀਂ ਵੇਖਿਆ ਜਿਹੜਾ ਅਪਣੇ ਸੂਬੇ ਦੇ ਲੋਕਾਂ ਲਈ ਕੇਂਦਰ ਸਰਕਾਰ ਅੱਗੇ ਡਟਿਆ ਹੋਵੇ।ਉਨ੍ਹਾਂ ਕਿਹਾ ਕਿ ਸਾਡੀ ਸਾਰੀ ਕੈਬਨਿਟ ਇਸ ਮੁੱਦੇ 'ਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੇ ਨਾਲ ਖੜ੍ਹੀ ਹੈ। ਉਨ੍ਹਾਂ ਪੰਜਾਬ ਦੀ ਨੌਜਵਾਨੀ ਦੀ ਚਿੰਤਾ ਕਰਦਿਆਂ ਨਸ਼ਿਆਂ ਦੇ ਖਾਤਮੇ ਲਈ ਵੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ 31 ਮਈ ਡੈਡਲਾਈਨ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸਤੋਂ ਬਾਅਦ ਜਿਹੜੇ ਇਲਾਕੇ ਵਿੱਚੋਂ ਨਸ਼ਾ ਬਰਾਮਦ ਹੋਇਆ ਤਾਂ ਉਸ ਲਈ ਜ਼ਿਲ੍ਹੇ ਦਾ ਐਸ. ਐਸ. ਪੀ. ਅਤੇ ਐਸ. ਐਚ. ਓ. ਜ਼ੁੰਮੇਵਾਰ ਹੋਣਗੇ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਵੀ ਨਸ਼ਿਆਂ ਦੇ ਆਦੀ ਨਸ਼ਾ ਛੱਡਣਾ ਚਾਹੁੰਦੇ ਹਨ ਤਾਂ ਉਹ ਪੰਜਾਬ ਸਰਕਾਰ ਵੱਲੋਂ ਖੋਲਲੇ ਮੁਫ਼ਤ ਨਸ਼ਾ ਛੁਡਾਊ ਕੇਂਦਰਾਂ ਵਿੱਚ ਭਰਤੀ ਹੋ ਕੇ ਅਪਣਾ ਮੁਫ਼ਤ ਇਲਾਜ ਕਰਵਾ ਸਕਦੇ ਹਨ। ਪਰਵਿੰਦਰ ਸਿੰਘ ਖੁਰਲ ਅਤੇ ਮੋਰਿੰਡਾ ਨਿਵਾਸੀਆਂ ਵੱਲੋਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੂੰ ਸਿਰੋਪਾਓ ਅਤੇ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਫ਼ਿਲਮੀ ਕਲਾਕਾਰ ਮਲਕੀਤ ਸਿੰਘ ਰੌਣੀ,ਦਰਸ਼ਨ ਸਿੰਘ ਰੀਹਲ, ਸ੍ਰੀ ਵਿਸ਼ਵਕਰਮਾ ਸਭਾ ਮੋਰਿੰਡਾ ਦੇ ਮੀਤ ਪ੍ਰਧਾਨ ਹਰਜੀਤ ਸਿੰਘ ਸੱਲ੍ਹ, ਗੁਰਿੰਦਰ ਸਿੰਘ ਗੋਗੀ ਰੀਹਲ੍ਹ ਸਾਬਕਾ ਪ੍ਰਧਾਨ ਸਭ ਕਿਛੁ ਤੇਰਾ ਵੈਲਫੇਅਰ ਸੋਸਾਇਟੀ ਮੋਰਿੰਡਾ, ਜਸਵੀਰ ਸਿੰਘ ਖੱਟੜਾ, ਅਵਤਾਰ ਸਿੰਘ ਸੱਲ੍ਹ, ਹਰਜਿੰਦਰ ਸਿੰਘ ਛਿੱਬਰ, ਰਾਜ ਕੁਮਾਰ ਦਸੌੜ, ਉਪਿੰਦਰ ਧੀਮਾਨ ਅਤੇ ਜਸ਼ਨਪ੍ਰੀਤ ਸਿੰਘ ਰੀਹਲ ਆਦਿ ਪਤਵੰਤੇ ਹਾਜ਼ਰ ਸਨ।

# ਧੀ ਤੇ ਪੁੱਤ ਦਾ ਫ਼ਰਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਮਰਦਮ ਸ਼ੁਮਾਰੀ ਕਰਨ ਲਈ ਮੈਂ ਜਦੋਂ ਇੱਕ ਘਰ ਦਾ ਕੁੰਡਾ ਖੜਕਾਇਆ ਤਾਂ ਅੰਦਰੋਂ ਮੱਧਮ ਜਿਹੀ ਆਵਾਜ਼ ਆਈ,ਲੰਘ ਆ ਪੁੱਤ,ਲੰਘ ਆ, ਦਰਵਾਜ਼ਾ ਖੁੱਲ੍ਹਾ ਈ ਆ। ਘਰ ਅੰਦਰ ਲੰਘ ਕੇ ਸਾਹਮਣੇ ਬੈਠੀ ਇੱਕ ਪੰਜਾਹ ਪਚਵੰਜਾ ਸਾਲਾਂ ਨੂੰ ਪਹੁੰਚੀ ਮਾਤਾ ਨੂੰ ਸਤਿ ਸ੍ਰੀ ਆਕਾਲ ਬੁਲਾ ਕੇ ਆਪਣੇ ਆਉਣ ਦਾ ਕਾਰਨ ਦੱਸਿਆ। ਪੁੱਛ ਲੈ ਪੁੱਤ ਕੀ ਪੁੱਛਣਾ, ਬੇਬੇ ਨੇ ਪਾਣੀ ਦਾ ਗਿਲਾਸ ਫੜਾਉਂਦੀ ਨੇ ਕਿਹਾ।ਗੱਲ ਨੂੰ ਅੱਗੇ ਤੋਰ ਦਿਆ ਮੈਂ ਬੇਬੇ ਨੂੰ ਪੁੱਛਿਆ, ਤੁਸੀਂ ਘਰ ਵਿੱਚ ਕਿੰਨੇ ਜਾਣੇ ਹੋ, ਚੁੰਨੀ ਦਾ ਲੜ ਠੀਕ ਕਰਦੀ ਬੇਬੇ ਬੋਲੀ,ਜਾਣੇ ਤਾਂ ਬਹੁਤ ਸੀ ਪੁੱਤ ਸੁੱਖ ਨਾਲ, ਬੱਸ ਹੁਣ ਦੋ ਹੀ ਰਹਿ ਗਏ, ਜਿਨ੍ਹਾਂ ਨੂੰ ਸੁੱਖਾਂ ਸੁੱਖ ਕੇ ਰੱਬ ਕੋਲੋਂ ਲਿਆ ਉਹ ਇੱਕ ਤਾਂ ਜਹਾਜ਼ ਚੜ੍ਹ ਗਿਆ ਦੂਜਾ ਨਸ਼ਿਆਂ ਨੇ ਖਾ ਲਿਆ, ਝੇਟੇ ਦੇ ਸਿਰ ਵਰਗਾ ਮੋਘੇ ਤੇ ਵੀਹ ਕਿੱਲਿਆਂ ਦਾ ਟੱਕ ਸੀ,ਕੁੱਝ ਤਾਂ ਵੱਡੇ ਨੂੰ ਜਹਾਜ਼ ਚੜ੍ਹਾਉਣ ਤੇ ਗਈ ਅਤੇ ਕੁੱਝ ਛੋਟੇ ਨੇ ਨਸ਼ਿਆਂ ਤੇ ਲਾ ਦਿੱਤੀ, ਜ਼ਮੀਨ ਵੀ ਗਈ ਤੇ ਪੁੱਤ ਵੀ ਗਿਆ,ਹੁਣ ਤਾਂ ਮੈਂ ਤੇ ਤੇਰਾ ਬਾਬਾ ਦੋ ਜਾਣੇ ਹੀ ਆ ਘਰ ਵਿੱਚ,ਉਹ ਵਿਚਾਰਾ ਸਵੇਰੇ ਨਿਕਲ ਜਾਂਦਾ ਕੰਮ ਦੀ ਭਾਲ ਵਿੱਚ, ਕਦੇ ਚੁੱਲ੍ਹਾ ਤਪ ਜਾਂਦਾ ਤੇ ਕਦੇ.. ਬੋਲਦੀ ਬੋਲਦੀ ਦੀ ਬੇਬੇ ਦੀ ਭੁੱਬ ਨਿਕਲ ਗਈ,ਪਾਟੀ ਚੁੰਨੀ ਨਾਲ ਅੱਖਾਂ ਪੂੰਝਦੀ ਬੇਬੇ ਬੋਲੀ, ਜੇ ਪਤਾ ਹੁੰਦਾ ਭਾਈ ਪੁੱਤ ਕਪੁੱਤ ਨਿਕਲਣਗੇ ਤਾਂ ਰੱਬ ਤੋਂ ਇੱਕ ਧੀ ਹੀ ਦੇ ਦਿੰਦਾ ਸ਼ਾਇਦ ਸਾਡੀ ਜੂਨ ਹੀ ਸੁਧਰ ਜਾਂਦੀ। ਮੈਨੂੰ ਸ਼ਾਇਦ ਉਹ ਸਾਰੇ ਜਵਾਬ ਮਿਲ ਗਏ ਸੀ ਜਿਹਨਾਂ ਦੀ ਮੈਨੂੰ ਲੋੜ ਸੀ, ਮੈਂ ਜਾਂਦੀ ਵਾਰ ਦੀ ਬੇਬੇ ਨੂੰ ਸਤਿ ਸ੍ਰੀ ਆਕਾਲ ਬੁਲਾਈ ਅਤੇ ਅਗਲੇ ਘਰ ਨੂੰ ਚੱਲ ਪਿਆ। ਬੇਬੇ ਦੇ ਆਖ਼ਰੀ ਬੋਲ ਮੇਰੇ ਕੰਨ ਵਿੱਚ ਅਜੇ ਵੀ ਗੂੰਜ ਰਹੇ ਸਨ ਕਿ ਰੱਬ ਇੱਕ ਧੀ ਹੀ ਦੇ ਦਿੰਦਾ, ਲੋਕੀ ਐਵੇਂ ਹੀ ਕਹਿੰਦੇ ਨੇ ਕਿ ਧੀ ਤੇ ਪੁੱਤ ਵਿਚਕਾਰ ਕੋਈ ਫ਼ਰਕ ਨਹੀਂ, ਫ਼ਰਕ ਜ਼ਰੂਰ ਹੈ ,ਉਹ ਇਹ ਹੈ ਕਿ ਪੁੱਤ ਜ਼ਮੀਨਾਂ ਵੰਡਾਉਂਦੇ ਹਨ ਜਦ ਕਿ ਧੀਆਂ ਦੁੱਖ ਵੰਡਾਉਂਦੀਆਂ ਹਨ।

ਰਜਵਿੰਦਰ ਪਾਲ ਸ਼ਰਮਾ
7087367969

# ਵਿਭਾਗੀ ਮੰਗਾਂ ਦੇ ਹੱਲ ਲਈ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ 'ਚ ਕੀਤਾ 'ਚਿਤਾਵਨੀ ਮਾਰਚ'

## ਮੰਗਾਂ ਦਾ ਹੱਲ ਨਾ ਹੋਣ 'ਤੇ ਸੰਘਰਸ਼ ਕੀਤਾ ਜਾਵੇਗਾ ਹੋਰ ਤਿੱਖਾ ਤੇ ਵਿਸ਼ਾਲ: ਅਧਿਆਪਕ ਜਥੇਬੰਦੀਆਂ, ਅਧਿਆਪਕਾਂ ਦੇ ਮਸਲੇ ਹੱਲ ਕਰਨ ਵਿੱਚ ਸਿੱਖਿਆ ਮੰਤਰੀ ਬੈਂਸ ਹੋਏ ਨਾਕਾਮ: ਅਧਿਆਪਕ ਜੱਥੇਬੰਦੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਦਲਜੀਤ ਕੌਰ

ਗੰਭੀਰਪੁਰ/ਸ੍ਰੀ ਅਨੰਦਪੁਰ ਸਾਹਿਬ, 4 ਮਈ, 2025: ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੀਆਂ ਬੇਇਨਸਾਫੀ ਅਤੇ ਪੱਖਪਾਤ ਵਾਲੀਆਂ ਨੀਤੀਆਂ ਦਾ ਸ਼ਿਕਾਰ ਹੋਏ ਅਧਿਆਪਕਾਂ ਨੇ ਅੱਜ ਸਿੱਖਿਆ ਮੰਤਰੀ ਵੱਲੋਂ ਮਸਲੇ ਹੱਲ ਕਰਨ ਵਿੱਚ ਨਕਾਮ ਸਾਬਿਤ ਹੋਣ ਦੇ ਵਿਰੋਧ ਵਜੋਂ ਪਿੰਡ ਗੰਭੀਰਪੁਰ ਵਿਖੇ ਸੈਂਕੜੇ ਦੀ ਗਿਣਤੀ ਵਿੱਚ ਪਹੁੰਚ ਕੇ ਚਿਤਾਵਨੀ ਮਾਰਚ ਕੀਤਾ। ਅਧਿਆਪਕਾਂ ਦੀਆਂ ਮੰਗਾਂ ਪੂਰੀ ਤਰ੍ਹਾਂ ਦਰਕਿਨਾਰ ਹੋਣ ਦੇ ਮੱਦੇਨਜ਼ਰ 'ਸਿੱਖਿਆ ਕ੍ਰਾਂਤੀ' ਦੇ ਨਾਅਰੇ ਨੂੰ ਖੋਖਲਾ ਕਰਾਰ ਦਿੰਦੇ ਹੋਏ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ, 6635 ਈ ਟੀ ਟੀ ਅਧਿਆਪਕ ਯੂਨੀਅਨ ਅਤੇ 4161 ਮਾਸਟਰ ਕਾਡਰ ਅਧਿਆਪਕ ਯੂਨੀਅਨ ਦੀ ਅਗਵਾਈ ਹੇਠ ਸੈਂਕੜੇ ਅਧਿਆਪਕਾਂ ਨੇ ਰੀਕਾਸਟ ਸੂਚੀਆਂ, ਬਦਲੀ ਪ੍ਰਕਿਰਿਆ, ਤਰੱਕੀਆਂ, ਕੱਚੇ ਮੁਲਾਜ਼ਮਾਂ, ਅਧਿਆਪਕ ਨਰਿੰਦਰ ਭੰਡਾਰੀ, ਡਾ. ਰਵਿੰਦਰ ਕੰਬੋਜ, ਓਡੀਐੱਲ ਅਧਿਆਪਕਾਂ ਨਾਲ ਸੰਬੰਧਿਤ ਮਾਮਲੇ ਅਤੇ ਹੋਰ ਵਿਭਾਗੀ ਮੰਗਾਂ ਹੱਲ ਕਰਵਾਉਣ ਲਈ ਸ੍ਰੀ ਅਨੰਦਪੁਰ ਸਾਹਿਬ-ਨੰਗਲ ਸੜਕ ਤੋਂ ਚੱਲਦਿਆਂ ਬੈਰੀਕੇਟ ਲੰਘਦਿਆਂ ਪਿੰਡ ਗੰਭੀਰਪੁਰ ਵਿਖੇ ਸਿੱਖਿਆ ਮੰਤਰੀ ਦੀ ਰਿਹਾਇਸ਼ ਤੇ ਪਹੁੰਚ ਕੇ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ ਗਿਆ। ਸਿੱਖਿਆ ਮੰਤਰੀ ਨਾਲ 20 ਮਈ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਮਿਲਣ ਦੇ ਪੱਤਰ ਜਾਰੀ ਹੋਣ ਉਪਰੰਤ ਰੋਸ ਪ੍ਰਦਰਸ਼ਨ ਸਮਾਪਤ ਕੀਤਾ ਗਿਆ।

ਪਿੰਡ ਗੰਭੀਰਪੁਰ ਦੀਆਂ ਬਰੂਹਾਂ 'ਤੇ ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, 6635 ਈ ਟੀ ਟੀ ਅਧਿਆਪਕ ਯੂਨੀਅਨ ਦੇ ਦੀਪਕ ਕੰਬੋਜ, 4161 ਮਾਸਟਰ ਕਾਡਰ ਅਧਿਆਪਕ ਯੂਨੀਅਨ ਦੇ ਬਲਕਾਰ ਮਘਾਣੀਆ, 3704 ਅਧਿਆਪਕਾਂ ਤੋਂ ਗੁਰਪਿੰਦਰ ਸਿੰਘ, 899 ਅੰਗਰੇਜ਼ੀ ਅਧਿਆਪਕਾਂ ਦੇ ਨੀਲਮ ਰਾਣੀ ਅਤੇ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਦੇ ਜੋਨੀ ਸਿੰਗਲਾ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਿਯੁਕਤੀ ਸੂਚੀਆਂ ਰਿਕਾਸਟ ਹੋਣ ਕਾਰਨ ਸੂਚੀ ਵਿੱਚੋਂ ਬਾਹਰ ਕੀਤੇ 3704 ਮਾਸਟਰ ਕਾਡਰ, 6635 ਈਟੀਟੀ, 899 ਅੰਗਰੇਜ਼ੀ ਅਧਿਆਪਕਾਂ ਅਤੇ ਹੋਰਨਾਂ ਕਾਡਰਾਂ ਦੇ ਸੈਕੜੇ ਅਧਿਆਪਕਾਂ ਦੀ ਹੁਣ ਤੱਕ ਦੀ ਨੌਕਰੀ ਅਤੇ ਭਵਿੱਖ ਪੂਰਨ ਸੁਰੱਖਿਅਤ ਕੀਤਾ ਜਾਵੇ। ਇਸ ਮਾਮਲੇ ਵਿੱਚ 3704 ਕਾਡਰ ਨੂੰ ਜਾਰੀ ਨੋਟਿਸ ਮੁੱਢੋਂ ਰਦ ਕੀਤੇ ਜਾਣ। ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਸੇਵਾਵਾਂ ਨਿਭਾਅ ਰਹੇ 6635 ਈਟੀਟੀ, 4161 ਤੇ 2392 ਮਾਸਟਰ, ਪੱਖਪਾਤੀ ਸਟੇਸ਼ਨ ਚੋਣ ਨੀਤੀ ਦਾ ਸ਼ਿਕਾਰ ਈਟੀਟੀ ਤੋਂ ਮਾਸਟਰ ਅਤੇ ਮਾਸਟਰ ਤੋਂ ਲੈਕਚਰਾਰ ਪ੍ਰੋਮੋਟਡ ਅਧਿਆਪਕਾਂ ਅਤੇ ਛੋਟ ਪ੍ਰਾਪਤ ਕੈਟੇਗਰੀਆਂ ਲਈ ਬਿਨਾਂ ਸ਼ਰਤ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ ਅਤੇ ਬਾਕੀ ਅਧਿਆਪਕਾਂ ਲਈ ਵੀ 'ਆਮ ਬਦਲੀਆਂ-2025 ਦੀ ਪ੍ਰੀਕਿਰਿਆ ਸ਼ੁਰੂ ਕੀਤੀ ਜਾਵੇ। ਅਧਿਆਪਕ ਸਾਥੀ ਨਰਿੰਦਰ ਭੰਡਾਰੀ, ਓਡੀਐੱਲ ਅਧਿਆਪਕਾਂ ਅਤੇ 7654 ਹਿੰਦੀ ਵਿਸ਼ੇ ਦੇ ਅਧਿਆਪਕਾਂ ਵਿੱਚੋਂ ਪੈਂਡਿੰਗ ਰੈਗੂਲਰ ਆਰਡਰ ਜਾਰੀ ਕੀਤੇ ਜਾਣ। ਡਾ. ਰਵਿੰਦਰ ਕੰਬੋਜ਼ ਦੇ ਟਰਮੀਨੇਸ਼ਨ ਆਰਡਰ ਰੱਦ ਕਰਨ ਅਤੇ ਓ.ਡੀ.ਐਲ. ਅਧਿਆਪਕਾਂ ਨੂੰ ਰੈਗੂਲਰ ਦੀ ਮਿਤੀ ਅਨੁਸਾਰ ਬਕਾਏ ਦੇਣ ਦੇ ਹੱਕ ਵਿੱਚ ਆਏ ਅਦਾਲਤੀ ਫੈਸਲੇ ਲਾਗੂ ਕੀਤੇ ਜਾਣ। ਕੰਪਿਊਟਰ ਅਧਿਆਪਕਾਂ ਨੂੰ ਛੇਵਾਂ ਪੰਜਾਬ ਤਨਖ਼ਾਹ ਕਮਿਸ਼ਨ ਦੇ ਸਾਰੇ ਲਾਭ ਤੇ ਪੈਂਡਿੰਗ ਮਹਿੰਗਾਈ ਭੱਤਾ ਜਾਰੀ ਕਰਨ ਦੇ ਨਾਲ ਹੀ ਸਿੱਖਿਆ ਵਿਭਾਗ ਵਿੱਚ ਰੈਗੂਲਰ ਮਰਜ਼ਿੰਗ ਕੀਤੀ ਜਾਵੇ। 17 ਜੁਲਾਈ 2020 ਤੋਂ ਬਾਅਦ ਲਾਗੂ ਭਰਤੀਆਂ 'ਤੇ ਲਾਗੂ ਨਵੇਂ ਸਕੇਲ ਰੱਦ ਕਰਕੇ ਪੰਜਾਬ ਤਨਖ਼ਾਹ ਸਕੇਲ ਲਾਗੂ ਕਰਨ ਦੇ ਪੱਖ ਵਿੱਚ ਆਏ ਅਦਾਲਤੀ ਫੈਸਲੇ ਨੂੰ ਲਾਗੂ ਕੀਤਾ ਜਾਵੇ ਅਤੇ ਪੇਂਡੂ ਭੱਤਾ ਤੇ ਬਾਰਡਰ ਏਰੀਆ ਭੱਤੇ ਸਮੇਤ ਰੋਕੇ ਗਏ ਸਾਰੇ ਭੱਤੇ ਅਤੇ ਏ.ਸੀ.ਪੀ. (4-9-14 ਸਾਲਾਂ ਲਾਭ) ਬਹਾਲ ਕੀਤੇ ਜਾਣ। ਪੀਟੀਆਈ ਅਤੇ ਆਰਟ ਕਰਾਫਟ ਅਧਿਆਪਕਾਂ ਦੀ ਤਨਖ਼ਾਹ ਰਿਵਿਜ਼ਨ ਕਰਕੇ ਕਟੌਤੀ ਕਰਨ ਦੇ ਗੈਰ ਵਾਜਿਬ ਅਤੇ ਮਾਰੂ ਫੈਸਲੇ ਨੂੰ ਮੁੱਢੋਂ ਰੱਦ ਕੀਤਾ ਜਾਵੇ।

ਆਗੂਆਂ ਨੇ ਮੰਗ ਕੀਤੀ ਕਿ ਅਧਿਆਪਕਾਂ ਦੇ ਸਾਰੇ ਕਾਡਰਾਂ (ਸਮੇਤ ਈਟੀਟੀ, ਐੱਚ.ਟੀ., ਸੀਐੱਚਟੀ, ਬੀਪੀਈਓ, ਨਾਨ ਟੀਚਿੰਗ, ਪੀਟੀਆਈ, ਆਰਟ ਕਰਾਫਟ, ਮਾਸਟਰ, ਡੀਪੀਈ, ਲੈਕਚਰਾਰ, ਹੈਡਮਾਸਟਰ, ਪ੍ਰਿੰਸੀਪਲ ਆਦਿ) ਦੀਆਂ ਰਹਿੰਦੀਆਂ ਸਾਰੀਆਂ ਤਰੱਕੀਆਂ ਬਿਨਾਂ ਕਿਸੇ ਪੱਖਪਾਤ ਸਾਰੇ ਖਾਲੀ ਸਟੇਸ਼ਨਾਂ ਲਈ ਮੁਕੰਮਲ ਕੀਤੀਆਂ ਜਾਣ। 180 ਈ.ਟੀ.ਟੀ. (4500 ਈ.ਟੀ.ਟੀ.) ਅਧਿਆਪਕਾਂ ਦੀ ਚਾਰ ਸਾਲ ਦੀ ਮੁੱਢਲੀ ਸਰਵਿਸ ਨੂੰ ਬਹਾਲ ਕਰਕੇ ਪੁਰਾਣੇ ਤਨਖਾਹ ਸਕੇਲ ਮੁੜ ਲਾਗੂ ਕੀਤੇ ਜਾਣ। ਮੈਰੀਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਸਮੂਹ ਕੱਚੇ ਅਧਿਆਪਕਾਂ ਅਤੇ ਸਮੱਗਰਾ ਅਧੀਨ ਨਾਨ ਟੀਚਿੰਗ ਨੂੰ ਸਿੱਖਿਆ ਵਿਭਾਗ ਵਿਚ ਰੈਗੂਲਰ ਕੀਤਾ ਜਾਵੇ। 5994 ਈਟੀਟੀ (ਬੈਕਲਾਗ) ਅਤੇ 2364 ਭਰਤੀ ਮੁਕੰਮਲ ਕੀਤੀ ਜਾਵੇ। 4161 ਅਤੇ 3582 ਨੂੰ ਟ੍ਰੇਨਿੰਗ ਲੱਗਣ ਦੀਆਂ ਮਿਤੀਆਂ ਤੋਂ ਸਾਰੇ ਆਰਥਿਕ ਤੇ ਬਾਕੀ ਪੈਂਡਿੰਗ ਲਾਭ ਹਕੀਕੀ ਰੂਪ ਵਿਚ ਲਾਗੂ ਕੀਤੇ ਜਾਣ। ਪੁਰਸ਼ ਅਧਿਆਪਕਾਂ ਨੂੰ 10 ਅਤੇ 20 ਸਾਲ ਦੀ ਸਰਵਿਸ ਉਪਰੰਤ ਅਚਨਚੇਤ ਛੁੱਟੀਆਂ ਵਿੱਚ ਵਾਧੇ ਮੌਕੇ ਠੇਕਾ ਅਧਾਰਿਤ ਨੌਕਰੀ ਦੇ ਸਮੇਂ ਨੂੰ ਗਿਣਨਯੋਗ ਮੰਨਿਆ ਜਾਵੇ।

ਡੀ.ਟੀ.ਐੱਫ. ਦੇ ਸੂਬਾ ਮੀਤ ਪ੍ਰਧਾਨਾਂ ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਗਪਾਲ ਬੰਗੀ, ਹਰਜਿੰਦਰ ਵਡਾਲਾ ਬਾਂਗਰ ਅਤੇ ਰਘਵੀਰ ਭਵਾਨੀਗੜ੍ਹ, ਪਵਨ ਕੁਮਾਰ ਮੁਕਤਸਰ, ਅਮੋਲਕ ਡੇਲੂਆਣਾ, ਗਿਆਨ ਚੰਦ, ਮੁਕੇਸ਼ ਕੁਮਾਰ, 2392 ਮਾਸਟਰ ਕਾਡਰ ਯੂਨੀਅਨ ਦੇ ਗੁਰਬਖਸ਼ੀਸ਼ ਸਿੰਘ, 6635 ਈ ਟੀ ਟੀ ਅਧਿਆਪਕ ਯੂਨੀਅਨ ਤੋਂ ਸ਼ਲਿੰਦਰ ਕੰਬੋਜ, ਗੁਰਪ੍ਰੀਤ ਸਿੰਘ, 4161 ਮਾਸਟਰ ਕਾਡਰ ਅਧਿਆਪਕ ਯੂਨੀਅਨ ਦੇ ਜਸਵਿੰਦਰ ਐਤੀਆਣਾ, ਬਲਕਾਰ ਬੁਡਲਾਢਾ, ਇਕਬਾਲ ਸਿੰਘ, 3704 ਮਾਸਟਰ ਕਾਡਰ ਤੋਂ ਧਰਮਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਤੋਂ ਇਲਾਵਾ ਡੀ ਟੀ ਐੱਫ ਦੇ ਕੁਲਵਿੰਦਰ ਜੋਸ਼ਨ, ਜੋਸੀਲ ਤਿਵਾੜੀ, ਗੁਰਬਿੰਦਰ ਖਹਿਰਾ, ਸੁਖਦੇਵ ਡਾਨਸੀਵਾਲ, ਸਤਨਾਮ ਸਿੰਘ, ਗੁਰਮੁਖ ਲੋਕ ਪ੍ਰੇਮੀ, ਹਰਵਿੰਦਰ ਰੱਖੜਾ, ਜਸਵੀਰ ਭੰਮਾ,ਗੁਰਪ੍ਰੀਤ ਸਿੰਘ, ਦਾਨਿਸ਼ ਭੱਟੀ,ਬਿਕਰਮ ਰਾਣਾ,ਗਿਆਨ ਚੰਦ,ਰਮੇਸ਼ ਲਾਲ ਨੇ ਵੀ ਸੰਬੋਧਨ ਕੀਤਾ। ਆਗੂਆਂ ਨੇ ਐਲਾਨ ਕੀਤਾ 20 ਮਈ ਦੀ ਮੀਟਿੰਗ ਵਿੱਚ ਮੰਗਾਂ ਮਸਲਿਆਂ ਦਾ ਹੱਲ ਨਾ ਹੋਣ 'ਤੇ ਅਧਿਆਪਕ ਜੱਥੇਬੰਦੀਆਂ ਵੱਲੋਂ ਲੁਧਿਆਣਾ ਵਿਖੇ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ।

# ਬੁੱਲੋਵਾਲ ਦੇ ਯੁਵਕ ਸੇਵਾਵਾਂ ਕਲੱਬ ਦੇ ਨੌਜਵਾਨਾਂ ਨੇ ਖੂਨਦਾਨ ਕੈਂਪ ਲਗਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਯੁਵਕ ਸੇਵਾਵਾਂ ਅਤੇ ਖੇਡ ਵਿਭਾਗ ਪੰਜਾਬ ਵੱਲੋ ਪਿੰਡਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਦੂਰ ਰੱਖਣ ਅਤੇ ਸਮਾਜ ਵਿੱਚ ਨੌਜਵਾਨਾਂ ਦੀ ਯੋਗ ਅਗਵਾਈ ਲਈ ਯੁਵਕ ਸੇਵਾਵਾਂ ਕਲੱਬਾਂ ਦੁਆਰਾ ਵੱਖ-ਵੱਖ ਗਤੀਵਿਧੀਆ ਕੀਤੀਆ ਜਾਂਦੀਆਂ ਹਨ। ਇਸੇ ਲੜੀ ਤਹਿਤ ਯੁਵਕ ਸੇਵਾਵਾਂ ਕਲੱਬ ਪਿੰਡ ਬੁੱਲੋਵਾਲ ਜਿਲ੍ਹਾ ਹੁਸ਼ਿਆਰਪੁਰ ਵੱਲੋਂ ਬਲੱਡ ਬੈਂਕ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਸਿਵਲ ਹਸਪਤਾਲ ਵੱਲੋ ਡਾ ਵਿਸ਼ਾਲੀ ਵਰਮਾ, ਸੀਨੀਅਰ ਲੈਬ ਟੈਕਨੀਸ਼ੀਅਨ ਹਰਜੀਤ ਸਿੰਘ, ਲੈਬ ਟੈਕਨੀਸ਼ੀਅਨ ਸੰਦੀਪ ਸਿੰਘ ਮੈਡਮ ਕਲਮਪ੍ਰੀਤ ਜੀ ਦੀ ਟੀਮ ਨੇ ਇਸ ਕੈਂਪ ਵਿੱਚ 41 ਯੂਨਿਟ ਖੂਨ ਇਕੱਤਰ ਕੀਤਾ।। ਕਲੱਬ ਦੇ ਪ੍ਰਧਾਨ ਅਸੀਮ ਪੁਰੀ ਨੇ ਦੱਸਿਆ ਕਿ ਪਿੰਡ ਦੇ ਖੂਨਦਾਨੀ ਸ. ਬਹਾਦਰ ਸਿੰਘ ਸਿੱਧੂ ਸਟੇਟ ਅਵਾਰਡੀ ਅਤੇ ਨੌਜਵਾਨ ਖੂਨਦਾਨੀ ਜਸਪ੍ਰੀਤ ਸਿੰਘ ਨੇ ਨੌਜਵਾਨਾਂ ਨੂੰ ਇਸ ਕੈਂਪ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਇਸ ਕੈਂਪ ਨੂੰ ਕਾਮਯਾਬ ਕਰਨ ਲਈ ਸ੍ਰੀ ਬਾਨੀ ਸ਼ਾਹ, ਗਗਨ ਸ਼ਾਰਧਾ, ਅਜੇ ਦੱਤ, ਬਬਲਾ, ਪ੍ਰਦੀਪ ਅਰੋੜਾ, ਸ਼ਿਵ ਅਰੋੜਾ, ਗੋਰਵ ਸ਼ਰਮਾ, ਕਵਿਸ਼ ਸ਼ਰਮਾ, ਅਨਿਕੇਤ ਆਦਿ ਨੇ ਵੀ ਆਪਣਾ ਸਹਿਯੋਗ ਦਿੱਤਾ।

# ਡਾ. ਅੰਬੇਡਕਰ ਸਕੂਲ ਆਫ਼ ਥੋਟ, ਫੱਲੇਵਾਲ ਵਿਖੇ ਅੱਜ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ

## ਚਰਚਿਤ ਸਮਾਜਸੇਵੀ ਅਤੇ ਸਿਹਤ ਖੇਤਰ ਦੇ ਪ੍ਰਮੁੱਖ ਵਿਅਕਤੀਆਂ ਨੇ ਹਿੱਸਾ ਲਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਫਗਵਾੜਾ( ਚਰਨਜੀਤ ਸੱਲ੍ਹਾ )ਇਸ ਮੀਟਿੰਗ ਦੀ ਅਗਵਾਈ ਸਰ ਸੋਹਣ ਸਹਿਜਲ ਜੀ ਵੱਲੋਂ ਕੀਤੀ ਗਈ। ਮੀਟਿੰਗ ਵਿੱਚ ਉਪਸਥਿਤ ਮਹਾਨੁਭਾਵਾਂ ਵਿੱਚ ਡਾ. ਰਾਜਿੰਦਰ ਥਿੰਦ, ਡਾ. ਪ੍ਰਵੀਨ ਥਿੰਦ (ਹੋਲੀ ਫੈਮਲੀ ਹੌਂਸਪੀਟਲ, ਗੋਰਾਇਆ), ਡਾ. ਰਾਹੁਲ ਅਤੇ ਉਨ੍ਹਾਂ ਦੀ ਧਰਮ ਪਤਨੀ (ਸ਼੍ਰੀ ਗੁਰੂ ਰਵਿਦਾਸ ਮਿਸ਼ਨ ਹੌਂਸਪੀਟਲ, ਫਗਵਾੜਾ), ਡਾ. ਸੁਧੀਰ ਚੋਹਾਨ (ਸੌਰਵ ਹੌਂਸਪੀਟਲ, ਗੋਰਾਇਆ), ਕੇਵਲ ਬਿਲਗਾ ਜੀ ਅਤੇ ਡਾ. ਗੁਰਦੀਸ਼ ਕੈਲੇ (ਚਚਰਾੜੀ ਮਿਸ਼ਨ ਹੌਂਸਪੀਟਲ) ਸ਼ਾਮਲ ਸਨ। ਮੀਟਿੰਗ ਵਿੱਚ ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ ਹਰ ਸਾਲ ਕਰਵਾਏ ਜਾਂਦੇ ਬੁੱਕ ਪ੍ਰਤੀਯੋਗਤਾ ਬਾਰੇ ਚਰਚਾ ਕੀਤੀ ਗਈ , ਮੀਟਿੰਗ ਦੌਰਾਨ ਡਾ. ਭੀਮ ਰਾਓ ਅੰਬੇਡਕਰ ਦੇ ਵਿਚਾਰਾਂ, ਸਮਾਜਿਕ ਨਿਆਂ, ਅਤੇ ਆਧੁਨਿਕ ਸਿਹਤ ਸੇਵਾਵਾਂ ਦੀ ਲੋੜ ਅਤੇ ਲਾਗੂ ਕਰਨ ਦੇ ਤਰੀਕਿਆਂ 'ਤੇ ਵਿਚਾਰ-ਵਟਾਂਦਰਾ ਹੋਇਆ। ਵਿਦਵਾਨਾਂ ਨੇ ਸਮਾਜ ਦੇ ਹਿੱਤ ਵਿੱਚ ਸੰਵਿਧਾਨਕ ਮੂਲਿਆਂ, ਚੰਗੀ ਸਿਹਤ ਦੀ ਪਹੁੰਚ ਅਤੇ ਨੈਤਿਕ ਸੇਵਾ ਦੀ

# ਵਿਧਾਇਕ ਜਿੰਪਾ ਨੇ 1.28 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ 1.28 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵਿਖੇ ਲਗਭਗ ਇੱਕ ਕਰੋੜ ਰੁਪਏ, ਸਰਕਾਰੀ ਐਲੀਮੈਂਟਰੀ ਸਕੂਲ ਅੱਜੋਵਾਲ ਵਿਖੇ 12 ਲੱਖ ਰੁਪਏ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਹਾਦੁਰਪੁਰ ਵਿਖੇ 16 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਜੋ ਕੰਮ ਪਿਛਲੇ ਸਮੇਂ ਵਿੱਚ ਕੀਤਾ ਹੈ, ਉਹ ਪਿਛਲੀਆਂ ਸਰਕਾਰਾਂ ਨਹੀਂ ਕਰ ਸਕੀਆਂ। ਉਨ੍ਹਾਂ ਕਿਹਾ ਕਿ ਲਗਭਗ 6000 ਸਕੂਲਾਂ ਵਿੱਚ ਚਾਰ-ਦੀਵਾਰੀਆਂ ਬਣਾਈਆਂ ਗਈਆਂ ਹਨ ਜੋ ਕਿ ਕਈ ਹਜ਼ਾਰ ਕਿਲੋਮੀਟਰ ਬਣਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਕੂਲਾਂ ਵਿੱਚ ਆਧੁਨਿਕ ਲੈਬਾਂ ਬਣਾਈਆਂ ਗਈਆਂ ਹਨ। ਬੱਚਿਆਂ ਨੂੰ ਪ੍ਰੋਜੈਕਟਰ ਰਾਹੀਂ ਸਿੱਖਿਆ ਦਿੱਤੀ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਚਾਹੁੰਦੇ ਹਨ ਕਿ ਸੂਬੇ ਦੇ ਬੱਚਿਆਂ ਨੂੰ ਸਿੱਖਿਆ ਨਾਲ ਸਬੰਧਤ ਹਰ ਸਹੂਲਤ ਪ੍ਰਦਾਨ ਕੀਤੀ ਜਾਵੇ। ਵਿਧਾਇਕ ਜਿੰਪਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਦੇ 40 ਸਕੂਲਾਂ ਨੂੰ ਹੁਨਰ ਸਿੱਖਿਆ ਨਾਲ ਜੋੜਿਆ ਹੈ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵੀ ਇਨ੍ਹਾਂ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਆਪਣੀ ਸਰਕਾਰ ਦੌਰਾਨ ਇਹ ਕੰਮ ਕਿਉਂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਦਾ ਸਰਕਾਰੀ ਸਕੂਲਾਂ ਪ੍ਰਤੀ ਵਿਸ਼ਵਾਸ ਵੀ ਵਧ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਬੱਚਿਆਂ ਦੇ ਬੈਠਣ ਲਈ ਬੈਂਚ ਆਦਿ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸਕੂਲਾਂ ਵਿੱਚ ਸਾਫ਼-ਸੁਥਰੇ ਬਾਥਰੂਮ ਬਣਾਏ ਗਏ ਹਨ ਅਤੇ ਲਾਇਬ੍ਰੇਰੀਆਂ ਬਣਾਈਆਂ ਗਈਆਂ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ 11 ਵਿਦਿਆਰਥੀਆਂ ਨੇ ਜੇ.ਈ.ਈ ਦੀ ਪ੍ਰੀਖਿਆ ਪਾਸ ਕੀਤੀ ਹੈ। ਇਹ ਬੱਚੇ ਸਿਰਫ਼ ਸਰਕਾਰੀ ਸਕੂਲਾਂ ਵਿੱਚ ਹੀ ਤਿਆਰ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸੂਬੇ ਵਿੱਚ ਕੋਈ ਵੀ ਸਕੂਲ ਅਜਿਹਾ ਨਹੀਂ ਹੈ ਜਿੱਥੇ ਵਿਕਾਸ ਕਾਰਜ ਨਾ ਹੋਏ ਹੋਣ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਆਯੋਜਿਤ ਕੀਤੇ ਜਾ ਰਹੇ ਸਮਾਗਮਾਂ ਵਿੱਚ ਮਾਪਿਆਂ ਅਤੇ ਲੋਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦਰਸਾਉਂਦੀ ਹੈ ਕਿ ਲੋਕ ਸਰਕਾਰ ਦੀ ਸਿੱਖਿਆ ਨੀਤੀ ਤੋਂ ਪੂਰੀ ਤਰ੍ਹਾਂ ਖੁਸ਼ ਹਨ। ਉਨ੍ਹਾਂ ਨੇ ਇਨ੍ਹਾਂ ਪ੍ਰੋਗਰਾਮਾਂ ਦੌਰਾਨ ਬੱਚਿਆਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਤੋਂ ਪੜ੍ਹਾਈ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਜੋ ਵੀ ਚਾਹੀਦਾ ਹੋਵੇਗਾ, ਉਹ ਉਸਨੂੰ ਪਹਿਲ ਦੇ ਆਧਾਰ 'ਤੇ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਇਸ ਮੌਕੇ ਉਨ੍ਹਾਂ ਸਕੂਲ ਵਿੱਚ ਲਗਾਈ ਗਈ ਵਿਗਿਆਨ ਪ੍ਰਦਰਸ਼ਨੀ, ਬਿਜ਼ਨਸ ਬਲਾਸਟਰ ਨਾਲ ਸਬੰਧਤ ਸਟਾਲ ਅਤੇ ਕਿਤਾਬ ਲੰਗਰ ਦਾ ਵੀ ਨਿਰੀਖਣ ਕੀਤਾ।

# ਗਿਆਨ ਇਕ ਜਾਣਕਾਰੀ ਹੈ ਅਤੇ ਇਹ ਮਹਾਨ ਹੈ- ਮਹਾਂਪੁਰਸ਼ ਸੁਰਿੰਦਰ ਪਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਸ਼ਹੀਦ ਭਗਤ ਸਿੰਘ ਨਗਰ (ਚਰਨਜੀਤ ਸੱਲ੍ਹਾ):- "ਗਿਆਨ ਇਕ ਜਾਣਕਾਰੀ ਹੈ, ਜਿਸ ਦੀ ਰੋਸ਼ਨੀ ਵਿਚ ਬ੍ਰਹਮ ਗਿਆਨੀ ਨਿਰੰਕਾਰ ਅਤੇ ਮਾਇਆ ਨੂੰ, ਸੱਚ ਅਤੇ ਝੂਠ ਨੂੰ, ਸਾਫ-ਸਾਫ ਦੇਖ ਸਕਦਾ ਹੈ ।" ਉਕਤ ਵਿਚਾਰਾਂ ਦਾ ਪ੍ਰਗਟਾਵਾ ਅੱਜ ਨਿਰੰਕਾਰੀ ਸਤਿਸੰਗ ਭਵਨ ਬੰਗਾ ਵਿਖੇ ਸਤਿਸੰਗ ਕਰਦੇ ਹੋਏ ਨਵਾਂਸ਼ਹਿਰ ਪ੍ਰਮੁੱਖ ਪਰਮ ਗਿਆਨੀ ਮਹਾਂਪੁਰਸ਼ ਸੁਰਿੰਦਰ ਪਾਲ ਜੀ ਨੇ ਕੀਤਾ। ਉਹਨਾਂ ਕਿਹਾ ਕਿ ਇਹ 'ਗਿਆਨ' ਬਹੁਤ ਮਹਾਨ ਹੈ, ਲੇਕਿਨ ਇਸਦਾ ਲਾਭ ਤਾਂ ਹੀ ਹੁੰਦਾ ਹੈ ਜਦੋਂ ਅਸੀਂ ਇਸ ਜਾਣਕਾਰੀ ਨੂੰ ਆਪਣੇ ਜੀਵਨ ਵਿਚ ਅਪਨਾਈਏ, ਨਾਸ਼ਵਾਨ ਮਾਇਆ ਨੂੰ ਛੱਡ ਕੇ ਸੱਚੇ ਪ੍ਰਭੂ ਨਾਲ ਜੁੜੀਏ। ਗਿਆਨ ਦੇ ਬਾਵਜੂਦ ਜੇਕਰ ਕੋਈ ਮਾਇਆ ਵਿਚ ਹੀ ਫਸਿਆ ਰਹਿੰਦਾ ਹੈ ਅਤੇ ਝੂਠ ਦਾ ਸਹਾਰਾ ਲੈਂਦਾ ਹੈ, ਤਾਂ ਉਸਨੂੰ ਵੀ ਨੁਕਸਾਨ ਉਠਾਉਣਾ ਪਵੇਗਾ । ਇਸ ਵਿਚ ਗਿਆਨ ਦਾ ਕੋਈ ਕਸੂਰ ਨਹੀਂ। ਜੇਕਰ ਰੋਸ਼ਨੀ ਹੁੰਦੇ ਹੋਏ ਵੀ ਕੋਈ ਅੱਖਾਂ ਬੰਦ ਕਰ ਲਵੇ ਤਾਂ ਉਸਨੂੰ ਠੋਕਰਾਂ ਤਾਂ ਲਗਣਗੀਆਂ ਹੀ । ਜੇਕਰ ਅਸੀਂ ਠੋਕਰਾਂ ਤੋਂ ਬੱਚਣਾ ਹੈ ਤਾਂ ਸਾਨੂੰ ਆਪਣੀਆਂ ਅੱਖਾਂ ਖੁਲੀਆਂ ਰਖਣੀਆਂ ਪੈਣਗੀਆਂ, ਗਿਆਨ ਦੀ ਰੋਸ਼ਨੀ ਵਿਚ ਸਭ ਕੁਝ ਦੇਖਦੇ ਹੋਏ ਆਪਣਾ ਰਸਤਾ ਬਨਾਉਣਾ ਪਏਗਾ। ਰਸਤੇ ਦੀਆਂ ਰੁਕਾਵਟਾਂ ਨੂੰ ਦੇਖ ਕੇ ਉਹਨਾਂ ਤੋਂ ਬਚ ਕੇ ਨਿਕਲਣਾ ਹੋਏਗਾ, ਤਾਂ ਹੀ ਅਸੀਂ ਅੱਗੇ ਵਧ ਸਕਾਂਗੇ ਅਤੇ ਇਸ ਗਿਆਨ ਦਾ, ਤੇ ਭਗਤੀ ਦਾ ਆਨੰਦ ਲੈ ਸਕਾਂਗੇ । ਇਸ ਮੌਕੇ ਆਈਆਂ ਪ੍ਰਮੁੱਖ ਸਖ਼ਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਬਾਬਾ ਜੀ ਦਾ ਲਿਟਰੇਚਰ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ ਸੁੱਖਵਿੰਦਰ ਸੁੱਖੀ ਹਲਕਾ ਵਿਧਾਇਕ ਬੰਗਾ, ਸੋਹਣ ਲਾਲ ਢੰਡਾ, ਪਰਮਜੀਤ ਸਿੰਘ ਮੁਖੀ ਬੰਗਾ, ਅਵਤਾਰ ਸਿੰਘ ਰਿਟਾ ਡੀਐਸਪੀ, ਡਾ ਮਨਮੋਹਨ ਸਿੰਘ, ਸੰਚਾਲਿਕਾ ਰਾਜ ਰਾਣੀ, ਸੰਚਾਲਕ ਸੁਰਿੰਦਰ ਕੁਮਾਰ ਕਰਨਾਣਾ, ਨਰਿੰਦਰ ਸਿੰਘ, ਡਾ ਸਰਬਜੀਤ ਸਿੰਘ, ਜਸਵੀਰ ਸਿੰਘ ਕਮਾਮ, ਇੰਚਾਰਜ ਰਮਨਦੀਪ ਕੌਰ, ਰਾਜਕੁਮਾਰੀ, ਰੇਸ਼ਮ ਕੌਰ, ਸੱਤਿਆ ਦੇਵੀ, ਮਹਿੰਦਰ ਕੌਰ, ਅਰੁਣਾ ਪੁੰਨ, ਮਲਿਕਾ ਟਕਿਆਰ, ਬ੍ਰਿਜ ਮੋਹਨ ਕੋਹਲੀ, ਮਨੋਹਰ ਕਮਾਮ ਅਤੇ ਜੈਪਾਲ ਸੁੰਡਾ ਆਦਿ ਵੀ ਹਾਜ਼ਰ ਸਨ।

# ਬੀਐਸਐਫ ਨੂੰ ਮਿਲਣਗੀਆਂ 16 ਨਵੀਆਂ ਬਟਾਲੀਅਨਾਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com

ਸਰਹੱਦੀ ਸੁਰੱਖਿਆ ਬਲ (ਬੀ.ਐਸ.ਐਫ.) ਨੂੰ ਪਾਕਿਸਤਾਨ ਅਤੇ ਬੰਗਲਾਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਪਛਮੀ ਅਤੇ ਪੂਰਬੀ ਕਮਾਂਡਾਂ ਲਈ ਕ੍ਰਮਵਾਰ 16 ਹੋਰ ਬਟਾਲੀਅਨਾਂ ਦਾ ਗਠਨ ਕਰਨ ਅਤੇ ਅਪਣੀਆਂ ਪਛਮੀ ਅਤੇ ਪੂਰਬੀ ਕਮਾਂਡਾਂ ਲਈ ਦੋ ਫਾਰਵਰਡ ਹੈੱਡਕੁਆਰਟਰ ਸਥਾਪਤ ਕਰਨ ਲਈ ਸਰਕਾਰ ਦੀ ਅੰਤਿਮ ਮਨਜ਼ੂਰੀ ਮਿਲਣ ਦੀ ਤਿਆਰੀ ਹੈ। ਇਸ ਯੋਜਨਾ ਨੂੰ ਪਹਿਲਾਂ ਹੀ ਸਿਧਾਂਤਕ ਪ੍ਰਵਾਨਗੀ ਮਿਲ ਚੁਕੀ ਹੈ।

ਬੰਗਲਾਦੇਸ਼ 'ਚ ਪਿਛਲੇ ਸਾਲ ਸ਼ੇਖ ਹਸੀਨਾ ਸਰਕਾਰ ਦੇ ਡਿੱਗਣ ਤੋਂ ਬਾਅਦ ਅਤੇ 22 ਅਪ੍ਰੈਲ ਨੂੰ ਪਹਿਲਗਾਮ ਕਤਲੇਆਮ ਤੋਂ ਬਾਅਦ ਪਾਕਿਸਤਾਨ ਦੇ ਮੋਰਚੇ 'ਤੇ ਨਵੀਂ ਚੁਨੌਤੀ ਦੇ ਮੱਦੇਨਜ਼ਰ ਪੂਰਬ 'ਚ ਚੌਕਸੀ ਵਧਾਉਣ ਵਾਲੀ ਫੋਰਸ ਲਈ ਇਹ ਇਕ ਝਟਕਾ ਹੋਵੇਗਾ। ਸੁਰੱਖਿਆ ਅਦਾਰਿਆਂ ਦੇ ਸੂਤਰਾਂ ਨੇ ਦਸਿਆ ਕਿ ਬੀ.ਐਸ.ਐਫ. ਨੂੰ ਛੇਤੀ ਹੀ 16 ਨਵੀਆਂ ਬਟਾਲੀਅਨਾਂ ਦੇ ਗਠਨ ਲਈ ਅੰਤਿਮ ਮਨਜ਼ੂਰੀ ਮਿਲਣ ਦੀ ਉਮੀਦ ਹੈ। ਅਧਿਕਾਰੀਆਂ ਨੇ ਦਸਿਆ ਕਿ ਕੇਂਦਰੀ ਵਿੱਤ ਮੰਤਰਾਲੇ ਤੋਂ ਮਨਜ਼ੂਰੀ ਸਮੇਤ ਕੁੱਝ ਅੰਤਿਮ ਮਨਜ਼ੂਰੀਆਂ ਅਜੇ ਬਾਕੀ ਹਨ ਅਤੇ ਜਲਦੀ ਹੀ ਮਨਜ਼ੂਰੀ ਮਿਲਣ ਦੀ ਉਮੀਦ ਹੈ।

ਦੋਹਾਂ ਮੋਰਚਿਆਂ ਦੀ ਰਾਖੀ ਲਈ ਅਰਧ ਸੈਨਿਕ ਬਲ ਕੋਲ ਹੁਣ ਤਕ 193 ਬਟਾਲੀਅਨਾਂ ਹਨ। ਸਰਹੱਦੀ ਬਲ ਦੀ ਇਕ ਬਟਾਲੀਅਨ 'ਚ 1,000 ਤੋਂ ਵੱਧ ਜਵਾਨ ਹੁੰਦੇ ਹਨ। ਇਸ ਲਈ 16 ਨਵੀਆਂ ਬਟਾਲੀਅਨਾਂ ਦੀ ਕੁਲ ਗਿਣਤੀ ਲਗਭਗ 17,000 ਹੋਵੇਗੀ।

# ਰਾਜਪੁਰਾ ਦੇ ਪਿੰਡ ਉੱਪਲਹੇੜੀ ਵਿੱਖੇ ਬਸਪਾ ਵੱਲੋ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ, ਰਾਜਿੰਦਰ ਚੱਪੜ,ਸਤਨਾਮ ਉਪਲਹੇੜੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਲਗਾਤਾਰ ਵੱਧ ਤੋਂ ਵੱਧ ਪਿੰਡਾ ਚ ਮਨਾਇਆ ਜਾ ਰਿਹਾ ਹੈ ਜਿਸ ਕੜੀ ਤਹਿਤ ਵਿਧਾਨ ਸਭਾ ਰਾਜਪੁਰਾ ਦੇ ਪਿੰਡ ਉਪਲਹੇੜੀ ਵਿੱਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਇਸ ਉਪਰੰਤ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮ ਦਿਨ ਮਨਾਇਆ ਗਿਆ। ਇਸ ਸਮੇਂ ਬਸਪਾ ਰਾਜਪੁਰਾ ਦੇ ਹਲਕਾ ਪ੍ਰਧਾਨ ਰਾਜਿੰਦਰ ਸਿੰਘ ਚੱਪੜ ਸਮੇਤ ਵਿਧਾਨ ਸਭਾ ਦੇ ਆਗੂ ਸਤਨਾਮ ਸਿੰਘ ਅਤੇ ਗੁਰਦੀਪ ਸਿੰਘ ਉਪਲਹੇੜੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸਮੂਲੀਅਤ ਕੀਤੀ।ਸੰਵਿਧਾਨ ਬਚਾਉਣ ਲਈ, ਲਾਗੂ ਕਰਵਾਉਣ ਲਈ ਅਤੇ ਬਹੁਜਨ ਮਹਾਂਪੁਰਸ਼ਾ ਦੇ ਸਨਮਾਨ ਨੂੰ ਬਰਕਰਾਰ ਰੱਖਣ ਲਈ ਸੰਕਲਪ ਲਿਆ। ਹਾਕਮ ਸਿੰਘ, ਨੈਬ ਸਿੰਘ, ਲਖਵਿੰਦਰ ਸਿੰਘ, ਜਰਨੈਲ ਸਿੰਘ, ਸੁਖਵਿੰਦਰ ਸਿੰਘ ਸਮੇਤ ਔਰਤਾਂ ਨੇ ਭਾਗ ਲਿਆ।

# ਸਿੱਖਿਆ ਤੋਂ ਬਿਨਾਂ ਆਦਮੀ ਨੂੰ ਜਾਨਵਰ ਵਾਂਗ ਸਤਿਕਾਰਿਆ ਜਾਂਦਾ ਹੈ - ਸੰਜੀਵ ਅਰੋੜਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਦੀ ਅਗਵਾਈ ਹੇਠ ਅਤੁਲ ਸ਼ਰਮਾ ਅਤੇ ਸ਼ਾਲਿਨੀ ਨਾਭ ਦੀ ਧੀ ਸਾਨਵੀ ਸ਼ਰਮਾ, ਜਿਸਨੇ 10ਵੀਂ ਜਮਾਤ ਦੀ ਪ੍ਰੀਖਿਆ ਵਿੱਚ 98.6% ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਲੜਕੀਆਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜੋ ਕਿ ਸੇਂਟ ਜੋਸਫ਼ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਵਿਦਿਆਰਥਣ ਹੈ, ਨੂੰ ਇਸ ਮਹਾਨ ਪ੍ਰਾਪਤੀ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ “ਸਿੱਖਿਆ ਤੋਂ ਬਿਨਾਂ ਮਨੁੱਖ ਜਾਨਵਰ ਵਰਗਾ ਹੈ”। ਸਿੱਖਿਆ ਮਨੁੱਖ ਦਾ ਤੀਜਾ ਨੇਤਰ ਹੈ ਅਤੇ ਇਹ ਉਸਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਗਿਆਨ ਦੀ ਰੌਸ਼ਨੀ ਵੱਲ ਲੈ ਜਾਂਦੀ ਹੈ। ਇਸ ਨੂੰ ਸੰਭਵ ਬਣਾ ਕੇ, ਸਾਨਵੀ ਸ਼ਰਮਾ ਨੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਸਾਨਵੀ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਅਰੋੜਾ ਨੇ ਕਿਹਾ ਕਿ ਉਹ ਸਖ਼ਤ ਮਿਹਨਤ ਕਰਦੀ ਰਹੇਗੀ ਅਤੇ ਸਫਲਤਾ ਪ੍ਰਾਪਤ ਕਰੇਗੀ, ਜੋ ਕਿ ਹੁਸ਼ਿਆਰਪੁਰ ਦੇ ਨਾਲ-ਨਾਲ ਪੂਰੇ ਦੇਸ਼ ਲਈ ਪ੍ਰੇਰਨਾ ਸਰੋਤ ਬਣੇਗੀ। ਉਨ੍ਹਾਂ ਕਿਹਾ ਕਿ ਹੋਰ ਬੱਚਿਆਂ ਨੂੰ ਵੀ ਸਾਨਵੀ ਸ਼ਰਮਾ ਦੀ ਨਕਲ ਕਰਨੀ ਚਾਹੀਦੀ ਹੈ ਅਤੇ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਸ਼ਹਿਰ ਦਾ ਨਾਮ ਦੇਸ਼ ਵਿੱਚ ਚਮਕਦਾ ਰਹੇ। ਅਰੋੜਾ ਨੇ ਕਿਹਾ ਕਿ ਇਹ ਪੂਰਾ ਪਰਿਵਾਰ ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ ਕੰਮ ਕਰ ਰਿਹਾ ਹੈ। ਇਸ ਤੋਂ ਪਹਿਲਾਂ, ਸਾਨਵੀ ਦੇ ਦਾਦਾ ਜੀ, ਸਵਰਗੀ ਸ਼੍ਰੀਧਰ ਸ਼ਰਮਾ (ਠੇਕੇਦਾਰ) ਭਾਰਤ ਵਿਕਾਸ ਪ੍ਰੀਸ਼ਦ ਦੇ ਇੱਕ ਸਰਗਰਮ ਮੈਂਬਰ ਸਨ ਅਤੇ ਹਰ ਲੋੜਵੰਦ ਵਿਅਕਤੀ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ ਅਤੇ ਉਨ੍ਹਾਂ ਤੋਂ ਬਾਅਦ, ਉਨ੍ਹਾਂ ਦਾ ਪੁੱਤਰ ਪ੍ਰੀਸ਼ਦ ਪਰਿਵਾਰ ਵਿੱਚ ਸ਼ਾਮਲ ਹੋ ਕੇ ਮਨੁੱਖਤਾ ਦੀ ਸੇਵਾ ਕਰ ਰਿਹਾ ਹੈ। ਇਸ ਮੌਕੇ ‘ਤੇ, ਕੌਂਸਲ ਦਾ ਧੰਨਵਾਦ ਕਰਦੇ ਹੋਏ, ਸਾਨਵੀ ਸ਼ਰਮਾ ਨੇ ਕਿਹਾ ਕਿ ਉਹ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਸਖ਼ਤ ਪੜ੍ਹਾਈ ਜਾਰੀ ਰੱਖੇਗੀ ਅਤੇ ਸਫਲਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗੀ ਅਤੇ ਸਾਨਵੀ ਨੇ ਕਿਹਾ ਕਿ ਉਹ ਸਮਾਜਿਕ ਖੇਤਰ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਭਾਰਤ ਵਿਕਾਸ ਪ੍ਰੀਸ਼ਦ ਦਾ ਹਮੇਸ਼ਾ ਸਮਰਥਨ ਕਰੇਗੀ। ਇਸ ਮੌਕੇ ਵਿਜੇ ਅਰੋੜਾ, ਟਿੰਕੂ ਨਰੂਲਾ, ਰਵੀ ਮਨੋਚਾ, ਮਦਨ ਲਾਲ ਮਹਾਜਨ, ਅਜੇ ਚਾਵਲਾ, ਸੰਨੀ ਨਾਰੰਗ ਅਤੇ ਪਰਿਵਾਰ ਵੱਲੋਂ ਆਸ਼ਾ ਸ਼ਰਮਾ (ਦਾਦੀ), ਸੋਹਮ ਸ਼ਰਮਾ, ਅਲੀਕਾ ਸ਼ਰਮਾ, ਸੰਦੀਪ ਪਲਿੰਜਾ ਆਦਿ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਨੇ ਪਾਣੀ ਦੇ ਮਸਲੇ ਤੇ ਸਰਕਾਰ ਨੂੰ ਸਖਤ ਸਟੈਂਡ ਲੈਣ ਲਈ ਡਿਪਟੀ ਸਪੀਕਰ ਨੂੰ ਮੰਗ ਪੱਤਰ ਦਿੱਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਦਿੱਤੇ ਜਾਣ ਵਿਰੁੱਧ ਕਿਰਤੀ ਕਿਸਾਨ ਯੂਨੀਅਨ ਵਲੋਂ ਸੂਬਾ ਪੱਧਰੀ ਸੱਦੇ ਤਹਿਤ ਅੱਜ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਭਲਕੇ ਹੋ ਰਹੇ ਵਿਧਾਨ ਸਭਾ ਦੇ ਇਜਲਾਸ ਵਿੱਚ ਇਸ ਵਿਰੁੱਧ ਮਤਾ ਪੇਸ਼ ਕਰਨ ਦੀ ਮੰਗ ਕੀਤੀ ਗਈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ ਬਲਾਕ ਪ੍ਰਧਾਨ ਸਰਪੰਚ ਰਾਮ ਜੀਤ ਸਿੰਘ ਦੇਣੋਵਾਲ ਕਲਾਂ ਅਤੇ ਵਿੱਤ ਸਕੱਤਰ ਸੰਦੀਪ ਸਿੰਘ ਮਿੰਟੂ ਸਿਕੰਦਰਪੁਰ ਨੇ ਕਿਹਾ ਕਿ ਬੀ ਬੀ ਐਮ ਬੀ ਕੇਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ ਤੇ ਪੰਜਾਬ ਨਾਲ ਧੱਕਾ ਕਰ ਰਹੀ ਹੈ। ਜਦੋਂ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ। ਦੂਸਰੀ ਤਰਫ ਸਾਉਣੀ ਦੀ ਫਸਲ ਲਈ ਪੰਜਾਬ ਨੂੰ ਪਾਣੀ ਦੀ ਸਖਤ ਜਰੂਰਤ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਬਹੁਤ ਜਗ੍ਹਾ ਤੇ ਪਾਣੀ ਡਾਰਕ ਜੋਨ ਵਿੱਚ ਜਾ ਚੁਕਾ ਹੈ। ਜਿਸ ਕਰਕੇ ਇਸ ਮਸਲੇ ਤੇ ਪੰਜਾਬ ਸਰਕਾਰ ਨੂੰ ਸਖਤ ਸਟੇਡ ਲੈਣ ਦੀ ਲੋੜ ਹੈ। ਮੰਗ ਪੱਤਰ ਦੇਣ ਸਮੇਂ ਕਿਸਾਨ ਆਗੂ ਸਮਸ਼ੇਰ ਸਿੰਘ ਚੱਕ ਸਿੰਘਾ, ਪਰਮਜੀਤ ਸਿੰਘ ਰੁੜਕੀ ਖਾਸ, ਸੰਤੋਖ ਸਿੰਘ, ਮਹਿੰਦਰ ਸਿੰਘ, ਸੁੱਚਾ ਸਿੰਘ ਅਲੀ ਪੁਰ ਅਤੇ ਕੁਲਵੀਰ ਸਿੰਘ ਮਜਾਰਾ ਡੀਗਰੀਆਂ ਹਾਜਰ ਸਨ।

# ਕੇਜਰੀਵਾਲ ਵੱਲੋਂ ਪੰਜਾਬ ਦੇ ਹਰ ਪਿੰਡ ਲਈ ਸਪੋਰਟਸ ਕਲੱਬ ਦਾ ਐਲਾਨ

## ਪੰਜਾਬ ਦੀ ਨੌਜਵਾਨੀ ਲਈ ਬਿਜ਼ਨਸ ਬਲਾਸਟਰ ਪ੍ਰੋਗਰਾਮ ਦੀ ਕੀਤੀ ਵਕਾਲਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com




ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਨੂੰ ਪੰਜਾਬ ਭਰ ਦੇ ਹਰ ਪਿੰਡ ਵਿੱਚ ਸਪੋਰਟਸ ਕਲੱਬ ਸਥਾਪਤ ਕਰਨ ਦੀ ਇੱਕ ਮਹੱਤਵਪੂਰਨ ਪਹਿਲ ਦਾ ਐਲਾਨ ਕੀਤਾ ਤਾਂ ਜੋ ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਦੂਰ ਰੱਖਿਆ ਜਾ ਸਕੇ। ਅੱਜ ਇੱਥੇ ਵੀਡੀਓ ਕਾਨਫਰੰਸ ਰਾਹੀਂ ਯੂਥ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕਲੱਬ ਅਤਿ-ਆਧੁਨਿਕ ਖੇਡ ਸਹੂਲਤਾਂ ਨਾਲ ਲੈਸ ਹੋਣਗੇ, ਜੋ ਨੌਜਵਾਨਾਂ ਨੂੰ ਐਥਲੈਟਿਕਸ ਅਤੇ ਹੋਰ ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਦੇ ਮੌਕੇ ਪ੍ਰਦਾਨ ਕਰਨਗੇ। ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਅਤੇ ਹੋਰ ਸ਼ਹੀਦਾਂ ਦੇ ਜੀਵਨ ਨੂੰ ਉਜਾਗਰ ਕਕਰੇ ਨੌਜਵਾਨਾਂ ਵਿੱਚ ਦੇਸ਼ ਭਗਤੀ ਅਤੇ ਕੋਈ ਟੀਚਾ ਮਿੱਥਣ ਦੀ ਭਾਵਨਾ ਵੱਲ ਪ੍ਰੇਰਿਤ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਉਮੀਦ ਪ੍ਰਗਟਾਈ ਕਿ ਤਿੰਨ ਦਿਨਾਂ ਲੀਡਰਸ਼ਿਪ ਸਿਖਲਾਈ ਪ੍ਰੋਗਰਾਮ ਨੌਜਵਾਨਾਂ ਵਿੱਚ ਇੱਕ ਨਵੀਂ ਲਹਿਰ ਤੇ ਚੇਤਨਾ ਪੈਦਾ ਕਰੇਗਾ, ਜੋ ਨਸ਼ਿਆਂ ਵਿਰੁੱਧ ਸੂਬੇ ਦੀ ਜੰਗ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਭਾਗ ਲੈਣ ਵਾਲਿਆਂ ਨੂੰ ਵਧਾਈ ਦਿੰਦੇ ਹੋਏ, ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ, ਨਸ਼ਾ ਪੀੜਤਾਂ ਦਾ ਨਸ਼ਾ ਛੁਡਾਉਣ ਅਤੇ ਮੁੜ ਵਸੇਬਾ ਕੇਂਦਰਾਂ ਵੱਲ ਪ੍ਰੇਰਿਤ ਕਰਨ ਦੀ ਅਪੀਲ ਕੀਤੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਦੀ ਲਾਹਣਤ ਤੋਂ ਬਚਾਇਆ ਜਾ ਸਕੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਦ੍ਰਿੜਤਾ ਨਾਲ ਮੰਨਦੇ ਹਨ ਕਿ ਨੌਜਵਾਨ ਬੇਅੰਤ ਊਰਜਾ ਨਾਲ ਭਰੇ ਹੋਏ ਹਨ ਜਿਸਨੂੰ ਸਹੀ ਦਿਸ਼ਾ ਵਿੱਚ ਚਲਾਉਣ ਦੀ ਲੋੜ ਹੈ, ਜਿਸ ਕਾਰਨ ਯੂਥ ਕਲੱਬਾਂ ਦੀ ਸਮਾਜ ਵਿੱਚ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਸਵੈ-ਵਿਕਾਸ ਦੇ ਰਾਹਾਂ ਅਤੇ ਟੀਮ ਸਪਿਰਟ ਦੀ ਕਦਰ ਸਮਝਾਉਣ ਵਾਲੀਆਂ ਗਤੀਵਿਧੀਆਂ ਵਿੱਚ ਬਦਲਣ ਲਈ ਯੋਜਨਾਬੱਧ ਢੰਗ ਨਾਲ ਕੰਮ ਕਰ ਰਹੀ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਯੂਥ ਕਲੱਬਾਂ ਦਾ ਗਠਨ ਵੱਖ-ਵੱਖ ਪ੍ਰਤਿਭਾਵਾਂ ਵਾਲੇ ਨੌਜਵਾਨਾਂ ਨੂੰ ਤਿਆਰ ਕਰਨ ਲਈ ਕੀਤਾ ਗਿਆ ਹੈ ,ਜਿਵੇਂ ਕਿ - ਟੀਮ ਬਿਲਡਿੰਗ, ਕਿਸੇ ਪੱਖੋਂ ਅਸਮਰਥ ਲੋਕਾਂ ਦੀ ਮਦਦ ਕਰਨ ਦੀ ਭਾਵਨਾ ਸਿਰਜਣ ਸਬੰਧੀ ਗਤੀਵਿਧੀਆਂ, ਖੇਡਾਂ ਅਤੇ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ, ਕੁਦਰਤ ਅਤੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਲਈ ਜਾਗਰੂਕਤਾ, ਲੋਕ ਨਾਚਾਂ ਨੂੰ ਉਤਸ਼ਾਹਿਤ ਕਰਨਾ, ਗਾਇਕੀ, ਕਲਾ ਅਤੇ ਸ਼ਿਲਪਕਾਰੀ ਅਤੇ ਉੱਦਮਤਾ ਤੇ ਹੋਰ ਮਹੱਤਵਪੂਰਨ ਖੇਤਰਾਂ ਵੱਲ ਪ੍ਰੇਰਨਾ ਆਦਿ, ਸ਼ਾਮਲ ਹੈ

# ਵਿਸ਼ੇਸ਼ ਬੱਚਿਆਂ ਨਾਲ ਮਨਾਇਆ ਆਪਣੇ ਪੁੱਤਰ ਦਾ ਜਨਮਦਿਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ 4 ਮਈ (ਤਰਸੇਮ ਦੀਵਾਨਾ) - ਸਾਬਕਾ ਪ੍ਰਿੰਸੀਪਲ ਮਲਕੀਤ ਸਿੰਘ ਤੋਂ ਪ੍ਰੇਰਿਤ ਹੋ ਕੇ, ਜੇ.ਐਸ. ਢਿੱਲੋਂ ਲੈਫਟੀਨੈਂਟ ਜਨਰਲ ਨੇ ਆਪਣੇ ਪਰਿਵਾਰ ਨਾਲ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਸਕੂਲ ਦੇ ਸਪੈਸ਼ਲ ਬੱਚਿਆਂ ਨਾਲ ਆਪਣੇ ਪੁੱਤਰ ਦਾ ਜਨਮ ਦਿਨ ਮਨਾਇਆ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਜੇ.ਐਸ. ਢਿੱਲੋਂ ਅਤੇ ਉਨ੍ਹਾਂ ਦੇ ਪਰਿਵਾਰ ਦਾ ਸਕੂਲ ਵਿੱਚ ਸਵਾਗਤ ਕੀਤਾ ਗਿਆ ਅਤੇ ਸਕੱਤਰ ਕਰਨਲ ਗੁਰਮੀਤ ਸਿੰਘ ਨੇ ਸਕੂਲ ਵਿੱਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪੈਟਰਨ ਪਰਮਜੀਤ ਸਿੰਘ ਸਚਦੇਵਾ ਨੇ ਜੇ.ਐਸ. ਢਿੱਲੋ ਨੂੰ ਦੱਸਿਆ ਗਿਆ ਕਿ ਸਕੂਲ ਸਟਾਫ਼ ਦੁਆਰਾ ਵਿਸ਼ੇਸ਼ ਬੱਚਿਆਂ ਨੂੰ ਭਵਿੱਖ ਲਈ ਕਿਵੇਂ ਤਿਆਰ ਕੀਤਾ ਜਾ ਰਿਹਾ ਹੈ। ਇਸ ਮੌਕੇ ਜੇ.ਐਸ. ਢਿੱਲੋ ਨੇ ਸਕੂਲ ਨੂੰ 5100 ਰੁਪਏ, ਨੀਲਮ ਸਿੱਧੂ ਨੇ 5100 ਰੁਪਏ ਅਤੇ ਯੋਗਰਾਜ ਸਿੰਘ ਮਿਨਹਾਸ ਨੇ ਸਕੂਲ ਨੂੰ 5100 ਰੁਪਏ ਦਾਨ ਕੀਤੇ ਅਤੇ ਭਵਿੱਖ ਵਿੱਚ ਵੀ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਰਾਮ ਆਸਰਾ, ਹਰਮੇਸ਼ ਤਲਵਾੜ, ਹਰੀਸ਼ ਠਾਕੁਰ ਅਤੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਵੀ ਮੌਜੂਦ ਸਨ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com

# ਹਰ ਸ਼ਹਿ ਚੋਂ :

ਗੀਤਕਾਰ ਬਲਬੀਰ ਸਿੰਘਪੁਰੀ 8847409062



ਕਦੇ ਪਿਓ ਚੋਂ ਕਦੇ ਮਾਂ ਬਣਕੇ
ਕਦੇ ਧੁੱਪ ਚੋਂ ਕਦੇ ਛਾਂ ਬਣਕੇ
ਓ ਗੌਰ ਨਾਲ ਸੁਣ ਝੱਲਿਆ
ਭੈਣਾਂ ਵੀਰਾਂ ਦੀਆਂ ਦੁਆਵਾਂ ਚੋਂ ਬੋਲਦਾ

ਕਦੇ ਪੁੱਤ ਬਣਕੇ ਕਦੇ ਧੀ ਬਣਕੇ
ਕੀ ਬਣਕੇ ਕਦੇ ਕੀ ਬਣਕੇ
ਹਰ ਘਰ ਚੋਂ ਹਰ ਜੀ ਬਣਕੇ
ਤੋਤਲੀਆਂ ਜੇਹੀਆਂ ਜ਼ਬਾਨਾਂ ਚੋਂ
ਨਾ ਗਿਣੇ ਜਾਣ ਵਾਲੇ ਨਾਂਵਾ ਚੋਂ ਬੋਲਦਾ

ਕਦੇ ਅੱਗ ਬਣਕੇ ਕਦੇ ਜੱਗ ਵਿਚੋਂ
ਕਦੇ ਸਾਧ ਬਣਕੇ ਕਦੇ ਠੱਗ ਵਿਚੋਂ
ਹਰ ਸ਼ਹਿ ਬਣਕੇ ਹਰ ਨਗ ਵਿਚੋਂ
ਖੜ੍ਹੇ ਵੱਗਦੇ ਪਾਣੀਆਂ ਵਿਚੋਂ
ਤੱਤੀਆਂ ਠੰਢੀਆਂ ਹਵਾਵਾਂ ਚੋਂ ਬੋਲਦਾ

ਆਪੇ ਗਾਹਕ ਆਪ ਹੀ ਤੋਲਣਵਾਲਾ
ਵਿਚ ਸੱਭ ਦੇ ਆਪ ਹੀ ਬੋਲਣਵਾਲਾ
ਬੰਦ ਦਰਵਾਜ਼ੇ ਆਪ ਹੀ ਖੋਲ੍ਹਣਵਾਲਾ
ਆਪੇ ਚੜ੍ਹਾਉਂਦਾ ਆਪੇ ਲਾਹੁੰਦਾ
ਪੂਰੀਆਂ ਕਰਨ ਵਾਲਾ ਇੱਛਾਵਾਂ ਚੋਂ
ਬੋਲਦਾ

ਆਪੇ ਮਾਰਨ ਵਾਲਾ ਆਪ ਹੀ ਰਖਵਾਲਾ
ਆਪ ਹੀ ਚਾਬੀ ਆਪੇ ਹੀ ਬਣਦਾ ਤਾਲਾ
ਆਪੇ ਹੀ ਗੋਰਾ ਫੇਰ ਆਪੇ ਹੀ ਕਾਲਾ
ਜੇਹਦੀ ਹਰ ਪਾਸੇ ਪੈਂਦੀ ਲੋਅ
ਸੁੰਨ ਮਸੁੰਨੇ ਆਪੇ ਰਾਵਾਂ ਚੋਂ ਬੋਲਦਾ

ਨਦੀਆਂ ਚੋਂ ਕਦੇ ਖਾਲਾਂ ਚੋਂ
ਆਕਾਸ਼ਾ ਚੋਂ ਕਦੇ ਪਤਾਲਾਂ ਚੋਂ
ਰਾਗਾਂ ਚੋਂ ਕਦੇ ਸੁਰਤਾਲਾਂ ਚੋਂ
ਸਭ ਤੋਂ ਬੜਾ ਨੈੱਟ ਵਰਕ ਜੀਹਦਾ

ਸੱਭ ਬੋਲੀਆਂ ਭਾਸ਼ਾਵਾਂ ਚੋਂ ਬੋਲਦਾ

ਆਪੇ ਰੰਗ ਬੁਤ ਅਤੇ ਲਲਾਰੀ
ਆਪੇ ਦਵਾਈ ਆਪ ਬਣਦਾ ਬੀਮਾਰੀ
ਆਪੇ ਕਿਰਤੀ ਸੱਭ ਕਰਦਾ ਮੀਨਾਕਾਰੀ
ਆਪੇ ਨਗਮਾਂ ਆਪ ਬਣਦਾ ਲਿਖਾਰੀ
ਆਪੇ ਕਥਿੱਤ ਤੇ ਕਵਿਤਾਵਾਂ ਚੋਂ ਬੋਲਦਾ

ਕੀ ਸਿੰਘਪੁਰੀ ਕੀੜੀ ਤੇ ਕੀ ਹੈ ਹਾਥੀ
ਆਪੇ ਵਿਚ ਦੁਸ਼ਮਣ ਆਪੇ ਬਣਦਾ
ਸਾਥੀ
ਉਹਦੀ ਨਾ ਜਾਣੀ ਹਸਤੀ ਕਿਸੇ ਨਾ
ਨਾਪੀ
ਕੀ ਚਿੱਟੇ ਦਿਨ ਤੇ ਕਾਲੀ ਰਾਤਾਂ
ਮਾੜੀਆਂ ਚੰਗੀਆਂ ਥਾਵਾਂ ਚੋਂ ਬੋਲਦਾ
ਓ ਗੌਰ ਨਾਲ ਸੁਣ ਬੰਦਿਆਂ
ਭੈਣਾਂ ਵੀਰਾਂ ਦੀਆਂ ਦੁਆਵਾਂ ਚੋਂ ਬੋਲਦਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com

# ਇੱਕ ਰੁੱਖ ਦੀ ਮੌਤ ‘ਤੇ

ਮਾਸਟਰ ਸੰਜੀਵ ਧਰਮਾਣੀ ਸ਼੍ਰੀਅਨੰਦਪੁਰਸਾਹਿਬ 9478561356



ਇੱਕ ਰੁੱਖ ਦੀ ਮੌਤ ‘ਤੇ
ਬੜਾ ਦੁੱਖ ਹੋਇਆ ,
ਧਰਤੀ ਵੀ ਰੋਈ
ਤੇ ਦਿਲ ਮੇਰਾ ਰੋਇਆ।
ਪੰਛੀਆਂ ਨੇ ਰੈਣ - ਬਸੇਰਾ
ਤੇ ਪਤਾ ਨਹੀਂ
ਕਿਸ - ਕਿਸ ਨੇ ਕੀ - ਕੀ ਖੋਇਆ ?
ਇੱਕ ਰੁੱਖ ਦੀ ਮੌਤ ‘ਤੇ
ਬੜਾ ਦੁੱਖ ਹੋਇਆ।
ਆਰੀ - ਕੁਲਹਾੜੀ ਨਾਲ ਕੱਟਿਆ ਜਦੋਂ
ਤਾਂ ਮਨ ਮੇਰਾ ਵੀ ਰੋਇਆ ,
ਇੱਕ ਰੁੱਖ ਦੀ ਮੌਤ ‘ਤੇ



ਬੜਾ ਦੁੱਖ ਹੋਇਆ।
ਦਿੰਦਾ ਸੀ ਠੰਢੀਆਂ ਛਾਵਾਂ
ਪਿਆਰ ਕਰਦਾ ਸੀ ਵਾਂਗ ਮਾਵਾਂ ,
ਪਤਾ ਨਹੀਂ ਅੱਜ ਇਨਸਾਨ ਨੂੰ
ਕੀ ਹੋਇਆ ,
ਹਾਏ ! ਕੀ ਹੋਇਆ ?
ਰੁੱਖਾਂ ਨੂੰ ਕੱਟਣ ਲਈ
ਇਨਸਾਨ ਤਰਲੋਮੱਛੀ ਹੋਇਆ ,
ਇੱਕ ਰੁੱਖ ਦੀ ਮੌਤ ‘ਤੇ
ਬੜਾ ਦੁੱਖ ਹੋਇਆ
ਹਾਏ ! ਬੜਾ ਦੁੱਖ ਹੋਇਆ।

# ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਬੰਗਾ( ਚਰਨਜੀਤ ਸੱਲ੍ਹਾ ) ਕੱਲ ਰਾਤ ਨੂੰ ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ।ਜਿਸ ਵਿੱਚ ਭੰਤੇ ਵਿਨੇ ਥੈਰੋ ਜੀ ਨੇ ਪੰਚ ਸੀਲ ਬੋਲ ਕੇ ਸਮਾਗਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਪ੍ਰਵੀਨ ਬੰਗਾ ਇੰਚਾਰਜ ਜੋਨ ਲੁਧਿਆਣਾ ਬਸਪਾ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਵਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਪੰਜਾਬ ਸੰਭਾਲੋ ਮੁਹਿੰਮ ਤਹਿਤ ਬਸਪਾ ਦੀਆਂ ਨੀਤੀਆਂ ਵਾਰੇ ਦੱਸਿਆ ਅੱਜ ਬਾਬਾ ਸਾਹਿਬ ਜੀ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਰਕੇ ਹੀ ਅਸੀਂ ਤੁਸੀ ਅਤੇ ਪੂਰਾ ਵਿਸ਼ਵ ਜਾਨਣ ਲੱਗਾਂ ਹੈ। ਆਜ਼ਾਦ ਰੰਗ ਮੰਚ ਕਲਾਂ ਕੇਂਦਰ ਫਗਵਾੜਾ ਦੀ ਟੀਮ ਨੇ ਬਹੁਤ ਸਾਰੀਆਂ ਕੋਰੀਓਗ੍ਰਾਫੀਆ ਪੇਸ਼ ਕੀਤੀਆਂ ਜਿਸ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਕੋਰੀਓਗ੍ਰਾਫੀ ਖਾਸ ਸੀ। ਇਸ ਮੌਕੇ ਤੇ ਜਸਪਾਲ ਲਧਾਣਾ, ਪ੍ਰਿੰਸੀਪਲ ਮਨਜੀਤ ਸਿੰਘ ਲੇਗੀਆਂ, ਲੈਕਚਰਾਰ ਸੁਭਾਸ਼ ਸੱਤਵੀਂ,ਮਹੇਸ਼ ਕੁਮਾਰ ਬੋਧੀ, ਹਰਦੀਪ ਸਿੰਘ ਦੀਪਾ,ਤਾਰਾ ਚੰਦ ਹੀਓ, ਬਲਵੀਰ ਹੀਓ, ਹਰਪ੍ਰੀਤ ਕੁਮਾਰ ਸਰਪੰਚ, ਜਗਦੀਸ਼ ਸਾਬਕਾ ਸਰਪੰਚ, ਕੁਲਦੀਪ ਸਿੰਘ ਵਾਲੀਆ, ਸਤਨਾਮ ਸਿੰਘ ਵਾਲੀਆ, ਪ੍ਰਿਥੀ ਸਿੰਘ, ਜੱਸੀ ਬੈਂਸ ਦਬੱਈ, ਚਰਨਜੀਤ ਸੱਲ੍ਹਾ ਨੰਬਰਦਾਰ, ਜਸਵਿੰਦਰ ਸਿੰਘ ਗਰਚਾ, ਪਰਮਜੀਤ ਸਿੰਘ, ਹਰਜਿੰਦਰ ਸਿੰਘ ਹੈਪੀ, ਨਰਿੰਦਰ ਬੰਗਾ,ਗੋਰਵ, ਕਸ਼ਮੀਰ ਚੰਦ, ਮੈਡਮ ਅਵਤਾਰ ਕੌਰ , ਮੈਡਮ ਸਰਬਜੀਤ ਕੌਰ, ਬਲਵੀਰ ਕੌਰ, ਕੁਲਵਿੰਦਰ ਕੌਰ ਆਸ਼ਾ, ਅਵਿਨਾਸ਼ ਕੌਰ ਅਤੇ ਬਹੁਤ ਸਾਰੀਆਂ ਬੀਬੀਆਂ ਭੈਣਾਂ ਅੱਧੀ ਰਾਤ ਹਾਜ਼ਰ ਰਹੇ।ਸਟੇਜ ਸਕੱਤਰ ਦਾ ਕੰਮ ਪਰਮਜੀਤ ਦੋਸਾਂਝ ਨੇ ਬਾਖੂਬੀ ਨਿਭਾਇਆ ਉਨ੍ਹਾਂ ਨੇ ਸਟੇਜ ਸਕੱਤਰ ਦੇ ਨਾਲ ਨਾਲ ਮਿਸ਼ਨ ਵਾਰੀ ਬਹੁਤ ਜਾਣਕਾਰੀ ਦਿੱਤੀ।

# ਗੁਰੂ ਤੇਗ ਬਹਾਦਰ ਨਗਰ ਦੇ ਸਰਪੰਚ ਰਣਜੀਤ ਸਿੰਘ ਜੱਜ ਅਤੇ ਸਮੂਹ ਪੰਚਾਇਤ ਨੇ ਨਸ਼ਾ ਛੁਡਾਊ ਮੁਹਿੰਮ ਸਬੰਧੀ ਜਾਗਰੂਕਤਾ ਮੁਹਿੰਮ ਕੀਤੀ ਸ਼ੁਰੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਨਾਭਾ 4 ਮਈ (ਬਾਂਗਾਂ/ ਬੇਅੰਤ ਸਿੰਘ ਰੋਹਟੀ ਖਾਸ ) ਪੰਜਾਬ ਸਰਕਾਰ ਵੱਲੋਂ ਚਲਾਈ ਗਈ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਨਗਰ, ਨਾਭਾ ਦੇ ਸਰਪੰਚ ਰਣਜੀਤ ਸਿੰਘ ਜੱਜ ਅਤੇ ਸਮੂਹ ਪੰਚਾਇਤ ਮੈਂਬਰ ਨੇ ਪ੍ਰਸ਼ਾਸਨ ਦੇ ਹੁਕਮਾਂ ਅਨੁਸਾਰ ਨਗਰ ਵਾਸੀਆਂ ਨਾਲ ਇੱਕ ਮੀਟਿੰਗ ਕੀਤੀ ਗਈ ਅਤੇ ਲੋਕਾਂ ਨੂੰ ਇਸ ਬੁਰਾਈ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸਰਪੰਚ ਰਣਜੀਤ ਸਿੰਘ ਜੱਜ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਮੁਹਿੰਮ ਨੇ ਪੰਜਾਬ ਦੇ ਹਰ ਸ਼ਹਿਰ ਅਤੇ ਪਿੰਡ ਵਿੱਚ ਨਸ਼ੇ ਨੂੰ ਕਾਫ਼ੀ ਹੱਦ ਤੱਕ ਠੱਲ੍ਹ ਪਾਈ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਸ ਬੁਰਾਈ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ ਤਾਂ ਹਰ ਕਿਸੇ ਨੂੰ ਬਿਨਾਂ ਕਿਸੇ ਭੇਦਭਾਵ ਦੇ ਆਪਣੇ ਇਲਾਕੇ, ਆਪਣੀ ਗਲੀ, ਆਪਣੇ ਘਰ, ਆਪਣੇ ਸ਼ਹਿਰ, ਆਪਣੇ ਪਿੰਡ ਤੋਂ ਸ਼ੁਰੂਆਤ ਕਰਨੀ ਪਵੇਗੀ ਅਤੇ ਪ੍ਰਸ਼ਾਸਨ ਦਾ ਸਾਥ ਦੇਣਾ ਪਵੇਗਾ, ਤਾਂ ਹੀ ਅਸੀਂ ਇਸ ਬੁਰਾਈ ਨੂੰ ਖ਼ਤਮ ਕਰ ਸਕਦੇ ਹਾਂ। ਰਣਜੀਤ ਸਿੰਘ ਜੱਜ ਨੇ ਕਿਹਾ ਕਿ ਮੇਰੇ ਵੱਲੋਂ, ਮੇਰੀ ਸਮੂਹ ਪੰਚਾਇਤ ਅਤੇ ਨਗਰ ਵਾਸੀਆਂ ਦੇ ਸਹਿਯੋਗ ਨਾਲ, ਇਸ ਬੁਰਾਈ ਵਿਰੁੱਧ ਲੜਾਈ ਜਾਰੀ ਰਹੇਗੀ ਅਤੇ ਜਾਗਰੂਕਤਾ ਮੁਹਿੰਮ ਵੀ ਜਾਰੀ ਰਹੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ, ਜ਼ੋਰਾ ਸਿੰਘ, ਫਕੀਰੀਆ ਖਾਨ, ਅਮਰੀਕ ਸਿੰਘ, ਪਰਮਜੀਤ ਸਿੰਘ ਪੰਮਾ, ਬਿੱਟੂ ਅਤੇ ਸ਼ਹਿਰ ਦੇ ਹੋਰ ਵਸਨੀਕ ਮੌਜੂਦ ਸਨ।

# ਸਿੱਖੀ ਦੇ ਵਿਆਪਕ ਪ੍ਰਚਾਰ ਲਈ ਜੱਥੇਦਾਰ ਦੀ ਇੱਕਜੁੱਟਤਾ ਅਪੀਲ ਦਾ ਗਲੋਬਲ ਸਿੱਖ ਕੌਂਸਲ ਵੱਲੋਂ ਸਮਰਥਨ

## ਗੁਰਸਿੱਖੀ ਦੇ ਪ੍ਰਚਾਰ ਚ ਤੇਜ਼ੀ ਲਿਆਉਣ ਲਈ ਪੰਥ ਚੋਂ ਛੇਕਣ ਦੇ ਆਦੇਸ਼ ਰੱਦ ਕਰਨ ਦੀ ਮੰਗ, ਕੌਂਸਲ ਵੱਲੋਂ ਇੱਕਜੁੱਟਤਾ ਨਾਲ ਗੁਰਸਿੱਖੀ, ਗੁਰਮਤਿ ਤੇ ਗੁਰਬਾਣੀ ਦੇ ਪ੍ਰਚਾਰ ਦੀ ਲੋੜ ਤੇ ਜ਼ੋਰ ਦੇਣ ਦਾ ਸੱਦਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com



ਚੰਡੀਗੜ੍ਹ, 4 ਮਈ ( ਜਸਬੀਰ ਸਿੰਘ ਸੋਢੀ )

ਗਲੋਬਲ ਸਿੱਖ ਕੌਂਸਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਉਸ ਅਪੀਲ ਦਾ ਸਮਰਥਨ ਕੀਤਾ ਹੈ ਜਿਸ ਵਿੱਚ ਭਾਈ ਰਣਜੀਤ ਸਿੰਘ ਢੱਡਰੀਆਂਵਾਲਾ ਸਮੇਤ ਸਾਰੇ ਸਿੱਖ ਪ੍ਰਚਾਰਕਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰਛਾਇਆ ਹੇਠ ਇਕੱਤਰ ਹੋ ਕੇ ਦੇਸ਼ ਭਰ ਵਿੱਚ ਸਿੱਖੀ ਪ੍ਰਚਾਰ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਨ ਤੇ ਖਾਲਸਾ ਪੰਥ ਅੰਦਰ ਰੁਹਾਨੀਅਤ ਨੂੰ ਉਤਸ਼ਾਹਿਤ ਕਰਨ ਦੀ ਗੁਜ਼ਾਰਿਸ਼ ਕੀਤੀ ਹੈ।ਇੱਥੇ ਇੱਕ ਬਿਆਨ ਵਿੱਚ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਕੰਵਲਜੀਤ ਕੌਰ, ਧਾਰਮਿਕ ਮਾਮਲਿਆਂ ਦੀ ਕਮੇਟੀ ਦੇ ਚੇਅਰਮੈਨ ਡਾ. ਕਰਮਿੰਦਰ ਸਿੰਘ, ਕਾਨੂੰਨੀ ਮਾਮਲਿਆਂ ਦੀ ਕਮੇਟੀ ਦੇ ਚੇਅਰਮੈਨ ਜਗੀਰ ਸਿੰਘ ਅਤੇ ਕੌਂਸਲ ਦੇ ਸਕੱਤਰ ਹਰਜੀਤ ਸਿੰਘ ਨੇ ਜੱਥੇਦਾਰ ਦੀ ਇਸ ਕੋਸ਼ਿਸ਼ ਨੂੰ “ਸਮੇਂ ਦੀ ਲੋੜ ਅਤੇ ਵੇਲੇ ਸਿਰ ਨਿਭਾਈ ਧਾਰਮਿਕ ਪਹਿਲਕਦਮੀ” ਕਰਾਰ ਦਿੱਤਾ ਹੈ ਤਾਂ ਜੋ ਪੰਜਾਬ ਅਤੇ ਹੋਰ ਰਾਜਾਂ ਵਿੱਚ ਸਿੱਖੀ ਨੂੰ ਕਾਇਮ ਰੱਖਣ ਪ੍ਰਤੀ ਘਟ ਰਹੀ ਪ੍ਰਵਿਰਤੀ ਨੂੰ ਠੱਲ੍ਹ ਪਾਈ ਜਾ ਸਕੇ।ਗਲੋਬਲ ਸਿੱਖ ਕੌਂਸਲ ਨੇ ਜੱਥੇਦਾਰ ਨੂੰ ਗੁਜ਼ਾਰਿਸ਼ ਕੀਤੀ ਹੈ ਕਿ ਉਹ ਉਨ੍ਹਾਂ ਸਾਰੇ ਪ੍ਰਭਾਵਸ਼ਾਲੀ ਅਤੇ ਪ੍ਰਤੀਬੱਧ ਪ੍ਰਚਾਰਕਾਂ ਨੂੰ ਵੀ ਇਸੇ ਤਰ੍ਹਾਂ ਪੰਥਕ ਸੇਵਾ ਦਾ ਸੱਦਾ ਦੇਣ ਜੋ ਪਹਿਲਾਂ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਵਿੱਚੋਂ ਛੇਕੇ ਜਾਣ ਵਰਗੇ ਫ਼ੈਸਲਿਆਂ ਕਾਰਨ ਸੇਵਾ ਤੋਂ ਦੂਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਵੇਲਾ ਵਿਤਕਰੇਬਾਜੀ, ਤੋੜ-ਵਿਛੋੜੇ ਜਾਂ ਵੰਡੀਆਂ ਪਾਉਣ ਦਾ ਨਹੀਂ ਸਗੋਂ ਸੂਝ-ਬੂਝ ਨਾਲ ਕੌਮ ਦੀ ਇੱਕਜੁੱਟਤਾ ਅਤੇ ਗੁਰਮਤਿ ਅਧਾਰਿਤ ਪੰਥਕ ਏਕਤਾ ਕਰਾਉਣ ਦਾ ਸਮਾਂ ਹੈ। ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਪੰਥ ਦੀ ਦੁਨਿਆਵੀ, ਧਾਰਮਿਕ ਅਤੇ ਰੂਹਾਨੀ ਸਰਵਉੱਚਤਾ ਦਾ ਕੇਂਦਰ ਹੋਣ ਦੇ ਨਾਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਮੁਆਫ਼ ਕਰਨ, ਗਲੇ ਲਾਉਣ ਅਤੇ ਕੌਮ ਦੀ ਚੜ੍ਹਦੀਕਲਾ ਲਈ ਯਤਨਸ਼ੀਲ ਹੋਵੇ।”

ਕੌਂਸਲ ਨੇ ਤਰਕ ਦਿੱਤਾ ਹੈ ਕਿ ਗੁਰਮਤਿ ਤੇ ਗੁਰਬਾਣੀ ਪ੍ਰਚਾਰ ਵਿੱਚ ਗੰਭੀਰ ਗਿਰਾਵਟ ਕਾਰਨ ਨੌਜਵਾਨਾਂ ਵਿੱਚ ਧਾਰਮਿਕ ਰੁਚੀ ਘਟ ਰਹੀ ਹੈ ਅਤੇ ਸਿੱਖਾਂ ਵਿੱਚ ਧਰਮ-ਪਰਿਵਰਤਨ ਵਧ ਰਿਹਾ ਹੈ। ਪੰਥ ਵਿੱਚੋਂ ਛੇਕਣ ਵਰਗੀ ਰਵਾਇਤ ਈਸਾਈ ਪਰੰਪਰਾ ਵਿੱਚ ਪ੍ਰਚਲਿਤ ਧਾਰਨਾ ਤੋਂ ਅਪਣਾਈ ਗਈ ਹੈ ਅਤੇ ਇਸਦਾ ਪੁਰਾਤਨ ਸਿੱਖ ਮਰਯਾਦਾ ਨਾਲ ਕੋਈ ਲੈਣਾ ਦੇਣਾ ਨਹੀਂ। ਇਸ ਲਈ ਗੁਰਸਿੱਖੀ ਵਿੱਚ ਸਰਬੱਤ ਦਾ ਭਲਾ ਹੀ ਹਰ ਕਾਰਜ ਲਈ ਪ੍ਰੇਰਣਾ ਸਰੋਤ ਹੋਣਾ ਚਾਹੀਦਾ ਹੈ।

ਪ੍ਰਧਾਨ ਕੰਵਲਜੀਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਕੌਂਸਲ ਦੀਆਂ 30 ਤੋਂ ਵੱਧ ਦੇਸ਼ਾਂ ਵਿੱਚ ਮੈਂਬਰ ਸੰਸਥਾਵਾਂ ਹਨ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹਨ ਅਤੇ ਗੁਰੂ ਸਾਹਿਬਾਨ ਦੇ ਮਾਨਵਤਾ ਪੱਖੀ ਗੁਰਸੰਦੇਸ਼ ਦੇ ਪ੍ਰਚਾਰ ਲਈ ਪ੍ਰਚਾਰਕਾਂ ਨੂੰ ਰੂਹਾਨੀ ਅਤੇ ਬੌਧਿਕ ਸਿਖਲਾਈ ਦੇ ਕੇ ਸੇਵਾ ਦੇ ਕਾਰਜ ਵਿੱਚ ਭੇਜਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਇਸ ਵੇਲੇ ਖ਼ਾਲਸਾ ਪੰਥ ਨੂੰ ਇੱਕਸੁਰ ਅਤੇ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਇਹ ਸਮਾਂ ਵੰਡੀਆਂ ਪਾਉਣ ਦਾ ਨਹੀਂ, ਸਗੋਂ ਸਾਂਝੀ ਸੋਚ ਰਾਹੀਂ ਗੁਰਮਤਿ ਪ੍ਰਚਾਰ ਦੀ ਨਵੀਂ ਲਹਿਰ ਸਿਰਜਣ ਦਾ ਹੈ।ਪੰਥਕ ਏਕਤਾ, ਗੁਰਮਤਿ ਅਧਾਰਿਤ ਵਾਰਤਾਲਾਪ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੇ ਸੰਕਲਪ ਨੂੰ ਦੁਹਰਾਉਂਦਿਆਂ ਗਲੋਬਲ ਸਿੱਖ ਕੌਂਸਲ ਨੇ ਸਮੂਹ ਸਿੱਖ ਨੇਤਾਵਾਂ ਨੂੰ ਕੌਮ ਦੇ ਵਡੇਰੇ ਹਿਤਾਂ ਦੇ ਮੱਦੇਨਜ਼ਰ ਆਪਸੀ ਪੁਰਾਣੇ ਮਤਭੇਦਾਂ ਤੋਂ ਉੱਪਰ ਉੱਠ ਕੇ ਕੌਮ ਦੀ ਸੇਵਾ ਲਈ ਜੁਟੇ ਸਾਰੇ ਪ੍ਰਚਾਰਕਾਂ ਤੇ ਨੇਤਾਵਾਂ ਨੂੰ ਸਵੀਕਾਰ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਇੱਕਜੁੱਟਤਾ ਨਾਲ ਦੇਸ਼ ਭਰ ਵਿੱਚ ਗੁਰਸਿੱਖੀ, ਗੁਰਮਤਿ ਅਤੇ ਗੁਰਬਾਣੀ ਦੇ ਪ੍ਰਚਾਰ ਨੂੰ ਇਸਦੇ ਸਹੀ ਮਾਅਨਿਆਂ ਵਿੱਚ ਮਜ਼ਬੂਤ ਕੀਤਾ ਜਾ ਸਕੇ।

# ਰਵੀਦਾਸੀਏ ਪੱਤੀ ਧਰਮਸ਼ਾਲਾ ਪਿੰਡ ਢੰਡੋਲੀ ਕਲਾ ਨੂੰ ਗ੍ਰਾਂਟ ਦੇਵੇ ਮਾਨ ਸਰਕਾਰ - ਲੱਖਾ ਸਿੰਘ ਮੈਂਬਰ ਪੰਚਾਇਤ ਢੰਡੋਲੀ ਕਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com

4ਮਈ 2025(ਬੇਅੰਤ ਸਿੰਘ ਰੋਹਟੀ ਖਾਸ) ਦਿੜ੍ਹਬਾ ਮੰਡੀ ਨਜ਼ਦੀਕੀ ਪਿੰਡ ਢੰਡੋਲੀ ਕਲਾ ਤੋਂ ਮੈਂਬਰ ਪੰਚਾਇਤ ਲੱਖਾ ਸਿੰਘ ਢੰਡੋਲੀ ਕਲਾ ਰਣ ਸਿੰਘ ਮਹਿਲਾ ਨੇ ਮਾਨ ਸਰਕਾਰ ਨੂੰ ਇਸ ਮੰਗ ਪੱਤਰ ਰਾਹੀ ਬੇਨਤੀ ਕੀਤੀ ਹੈ ਕਿ ਰਵੀਦਾਸੀਏ ਪੱਤੀ ਧਰਮਸ਼ਾਲਾ ਪਿੰਡ ਢੰਡੋਲੀ ਕਲਾ ਜੋ ਕਿ ਬਹੁਤ ਹੀ ਪੁਰਾਣੀ ਇਮਾਰਤ ਹੈ ਜੋ ਕਿ ਡਿੱਗੂ ਡਿਠੂ ਕਰਦੀ ਹੈ ਜਿਸ ਵੱਲ ਕਿਸੇ ਵੀ ਸਰਪੰਚ ਜਾਂ ਪੰਚਾਇਤ ਮੈਂਬਰ ਨੇ ਕੋਈ ਨਜ਼ਰ ਨਹੀਂ ਮਾਰੀ ਪਿਛਲੇ ਤੀਹ ਵਰ੍ਹਿਆਂ ਤੋਂ ਇਸ ਇਮਾਰਤ ਤੇ ਕਿਸੇ ਵੀ ਸਰਕਾਰ ਨੇ ਕਦੇ ਕੋਈ ਧੇਲਾ ਨਹੀਂ ਲਗਾਇਆ ਸਗੋਂ ਇਸ ਧਰਮਸ਼ਾਲਾ ਵਿੱਚ ਵੋਟਾਂ ਵੇਲੇ ਲੀਡਰ ਜਰੂਰ ਤੋਂਲੇ ਜਾਂਦੇ ਹਨ ਲੀਡਰ ਵੀ ਇਸ ਇਮਾਰਤ ਨੂੰ ਵੱਡੀ ਗ੍ਰਾਂਟ ਦੇਣ ਦੇ ਵੱਡੇ ਵਾਅਦੇ ਕਰਕੇ ਆਪਣੀ ਵੋਟ ਬੈਂਕ ਸਿਆਸੀ ਰੋਟੀਆਂ ਸੇਕ ਕੇ ਚਲੇ ਜਾਂਦੇ ਹਨ ਪਰ ਕਦੇ ਗ੍ਰਾਂਟ ਲਈ ਕੋਈ ਚੰਗਾ ਬੂਰ ਨਹੀਂ ਪਿਆ ਇਸ ਇਮਾਰਤ ਦੀ ਤਰਸਯੋਗ ਹਾਲਤ ਵੇਖ ਕੇ ਹਰ ਇੱਕ ਇਨਸਾਨ ਦੀਆ ਅੱਖਾਂ ਚੋ ਪਾਣੀ ਜ਼ਰੂਰ ਆ ਜਾਂਦਾ ਹੈ ਪਰ ਕੋਈ ਵੀ ਲੀਡਰ ਇਸ ਵਗਦੇ ਹੰਝੂਆਂ ਵੱਲ ਕਦੇ ਨਹੀਂ ਵੇਖਦੇ ਇਸ ਖਸਤਾ ਇਮਾਰਤ ਨਾਲ ਵੱਡਾ ਹਾਦਸਾ ਹੋਣ ਦਾ ਖਤਰਾ ਹੈ ਸੋ ਮਾਨ ਸਰਕਾਰ ਪੰਜਾਬ ਸਰਕਾਰ ਪਾਸੋਂ ਮੰਗ ਹੈ ਕਿ ਇਸ ਇਮਾਰਤ ਤੇ ਤਰਸ ਖਾ ਕੇ ਇਸ ਨੂੰ ਵੰਡੀ ਗ੍ਰਾਂਟ ਭੇਜੀ ਜਾਵੇ ਅਤੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਰਣ ਸਿੰਘ ਮਹਿਲਾ ਨੇ ਅੱਗੇ ਦੱਸਿਆ ਕਿ ਇਸ ਇਮਾਰਤ ਨਾਲ ਇਕ ਪਟਵਾਰਖਾਨਾ ਹੈ ਉਸ ਦੀ ਹਾਲਤ ਵੀ ਤਰਸਯੋਗ ਹੈ ਉਸ ਨੂੰ ਵੀ ਮਾਲ ਮਹਿਕਮਾ ਤਰਸ ਦੇ ਅਧਾਰ ਤੇ ਗ੍ਰਾਂਟ ਸਰਕਾਰ ਦੇਵੇ ਕਿਉਂਕਿ ਇਹ ਮਾਲ



ਮਹਿਕਮੇ ਦੀ ਮਲਕੀਅਤ ਹੈ ਲੱਖਾ ਸਿੰਘ ਮੈਂਬਰ ਪੰਚਾਇਤ ਢੰਡੋਲੀ ਕਲਾ ਨੇ ਅੱਗੇ ਦੱਸਿਆ ਕਿ ਮਾਨ ਸਰਕਾਰ ਪੰਜਾਬ ਸਰਕਾਰ ਤੇ ਮਾਣ ਹੈ ਕਿ ਜਲਦੀ ਹੀ ਇਸ ਇਮਾਰਤ ਨੂੰ ਵੱਡੀ ਗ੍ਰਾਂਟ ਦੇਣ ਲਈ ਪ੍ਰਵਾਨਗੀ ਹੁਕਮ ਦੇਣਗੇ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਵਿਸੇ ਵੱਲ ਧਿਆਨ ਦੇਣ

# ਪੰਜਾਬ ਦੇ ਪਾਣੀ ‘ਤੇ ਸਿਰਫ ਪੰਜਾਬ ਦਾ ਅਧਿਕਾਰ ਹੈ : ਗੁਰਚਰਨ ਸਿੰਘ ਮਲਸੀਆਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 04 ਮਈ
INTERNATIONAL PAPER, 94636 01616
hardipchumber57@gmail.com

ਜ਼ੀਰਾ 4 ਮਈ ( ਅੰਗਰੇਜ਼ ਬਰਾੜ ) – ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜ਼ਿਲਾ ਫਿਰੋਜ਼ਪੁਰ ਦੇ ਸਕੱਤਰ ਗੁਰਚਰਨ ਸਿੰਘ ਮਲਸੀਆਂ ਨੇ ਕਿਹਾ ਕਿ ਪੰਜਾਬ ਦੇ ਪਾਣੀ ਦੇ ਹੱਕ ਦੀ ਰੱਖਿਆ ਲਈ ਹਰ ਪੱਧਰ ‘ਤੇ ਲੜਾਈ ਲੜੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀ ਰੋਟੀ-ਰੋਜ਼ੀ ਇਸ ਪਾਣੀ ਨਾਲ ਜੁੜੀ ਹੋਈ ਹੈ ਅਤੇ ਇਹ ਸਾਡੇ ਹਿੱਸੇ ਦਾ ਹੱਕੀ ਪਾਣੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਪਹਿਲਾਂ ਹੀ ਪਾਣੀ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਜੇਕਰ ਹੁਣ ਵੀ ਸੂਬੇ ਦੇ ਪਾਣੀ ਨੂੰ ਹੋਰਾਂ ਨੂੰ ਦਿੱਤਾ ਗਿਆ ਤਾਂ ਇਹ ਪੰਜਾਬੀ ਕਿਸਾਨੀ ਦੀ ਮੌਤ ਦੇ ਬਰਾਬਰ ਹੋਵੇਗਾ। ਗੁਰਚਰਨ ਸਿੰਘ ਮਲਸੀਆਂ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ‘ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਨ ਵਿੱਚ ਅਸਫਲ ਸਾਬਤ ਹੋ ਰਹੀ ਹੈ। ਉਹ ਦਿੱਲੀ ਦੇ ਸਿਆਸੀ ਲੀਡਰਾਂ ਦੇ ਇਸ਼ਾਰਿਆਂ ‘ਤੇ ਕੰਮ ਕਰ ਰਹੀ ਹੈ ਜੋ ਕਿ ਪੂਰੀ ਤਰ੍ਹਾਂ ਨਿੰਦਨਯੋਗ ਹੈ। ਗੁਰਚਰਨ ਸਿੰਘ ਮਲਸੀਆਂ ਨੇ ਕੇਂਦਰ ਸਰਕਾਰ ਨੂੰ ਵੀ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਦੇ ਪਾਣੀ ਦੇ ਮੁੱਦੇ ਵਿਚ ਦਖਲਅੰਦਾਜ਼ੀ ਜਾਰੀ ਰਹੀ ਤਾਂ ਪੰਜਾਬ ਦੇ ਲੋਕ ਇਕ ਵੱਡਾ ਅੰਦੋਲਨ ਸ਼ੁਰੂ ਕਰਨ ‘ਤੇ ਮਜਬੂਰ ਹੋ ਜਾਣਗੇ! ਉਨ੍ਹਾਂ ਨੇ ਪੰਜਾਬ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਇਹ ਮਸਲਾ ਕਿਸੇ ਪਾਰਟੀ



ਦਾ ਨਹੀਂ ਸਗੋਂ ਪੰਜਾਬ ਦੇ ਅਸਤਿਤਵ ਨਾਲ ਜੁੜਿਆ ਹੋਇਆ ਹੈ। ਇਸ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਪੰਜਾਬ ਦੇ ਪਾਣੀ ਦੀ ਰੱਖਿਆ ਲਈ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਭਗਤ ਸਿੰਘ ਤੋਂ ਪ੍ਰੇਰਿਤ ਪੰਜਾਬ ਦੇ ਨੌਜਵਾਨ ਹੁਣ ਬਣਨਗੇ ਬਦਲਾਅ ਦੀ ਮਸ਼ਾਲ - ਮੁੱਖ ਮੰਤਰੀ ਭਗਵੰਤ ਮਾਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com



ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ) ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਗੜ੍ਹਸ਼ੰਕਰ ਵਿਖੇ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਗਏ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਦੀ ਅਗਵਾਈ ਕਰਦਿਆਂ ਨੌਜਵਾਨਾਂ ਨੂੰ ਰਾਸ਼ਟਰ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ। ਆਪਣੇ ਪ੍ਰੇਰਨਾਦਾਇਕ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਦੇਸ਼ ਦੀ ਬਣਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਆਏ ਆਮ ਆਦਮੀ ਪਾਰਟੀ ਦੇ ਨੌਜਵਾਨ ਸਿਪਾਹੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਹੀ ਦੇਸ਼ ਦੀ ਅਸਲ ਤਾਕਤ ਹੈ। ਮੁੱਖ ਮੰਤਰੀ ਨੇ ਗੁਰਬਾਣੀ ਅਤੇ ਸੂਫੀ ਸਾਹਿਤ ਦਾ ਹਵਾਲਾ ਦਿੰਦਿਆਂ ਮੁਹੰਮਦ ਮੀਆਂ ਬਖ਼ਸ਼ ਦੀ ਇਕ ਰਚਨਾ ਵੀ ਨੌਜਵਾਨਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਰੱਬ ਹਰ ਕਿਸੇ ਉੱਤੇ ਜ਼ਿੰਮੇਵਾਰੀ ਦਾ ਘੜਾ ਨਹੀਂ ਧਰਦਾ, ਜਿਨ੍ਹਾਂ ਕੋਲ ਬੋਝ ਝੱਲਣ ਦੀ ਤਾਕਤ ਹੁੰਦੀ ਹੈ, ਉਨ੍ਹਾਂ ਨੂੰ ਹੀ ਜ਼ਿੰਮੇਵਾਰੀ ਮਿਲਦੀ ਹੈ। ਮੁੱਖ ਮੰਤਰੀ ਨੇ ਆਪਣੇ ਪੁਰਾਣੇ ਦਿਨ ਯਾਦ ਕਰਦਿਆਂ ਕਿਹਾ, “ਪਹਿਲਾਂ ਜਦੋਂ ਮੈਂ ਕਲਾਕਾਰ ਸੀ, ਪਿੰਡਾਂ 'ਚ ਜਾ ਕੇ ਪੈਸੇ ਲੈਂਦਾ ਸੀ, ਪਰ ਅੱਜ ਜਦੋਂ ਮੁੱਖ ਮੰਤਰੀ ਬਣ ਕੇ ਉਨ੍ਹਾਂ ਪਿੰਡਾਂ 'ਚ ਜਾਂਦਾ ਹਾਂ ਤਾਂ ਉਹ ਪੈਸੇ ਵਿਆਜ ਸਮੇਤ ਗਰਾਂਟ ਦੇ ਤੌਰ 'ਤੇ ਵਾਪਸ ਕਰਨੇ ਪੈਂਦੇ ਹਨ।” ਮੁੱਖ ਮੰਤਰੀ ਨੇ ਪੰਜਾਬ ਵਿੱਚ ਪਾਣੀ ਦੇ ਸੰਕਟ ਅਤੇ ਐਸ.ਵਾਈ.ਐਲ.(ਸਤਲੁਜ-ਯਮੁਨਾ ਲਿੰਕ) ਵਿਵਾਦ 'ਤੇ ਵੀ ਗੰਭੀਰਤਾ ਨਾਲ ਵਿਚਾਰ ਰੱਖਿਆ। ਉਨ੍ਹਾਂ ਕਿਹਾ ਕਿ ਪੰਜਾਬ ਕਦੇ ਵੀ ਲੜਾਈ ਨਹੀਂ ਚਾਹੁੰਦਾ ਸੀ, ਪਰ ਵਾਰ-ਵਾਰ ਉਸ ਉੱਤੇ ਲੜਾਈ ਥੋਪੀ ਗਈ। ਹੁਣ ਸਰਹੱਦਾਂ ਤੋਂ ਬਾਅਦ ਪੰਜਾਬ ਨੂੰ ਪਾਣੀ ਦੀ ਲੜਾਈ 'ਚ ਧੱਕਿਆ ਜਾ ਰਿਹਾ ਹੈ। ਹਰਿਆਣਾ ਨਾਲ ਬੇਵਜ੍ਹਾ ਟਕਰਾਅ ਬਣਾਇਆ ਗਿਆ, ਪਰ ਹੁਣ ਪੰਜਾਬ ਵੀ ਡਟ ਗਿਆ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਉਹ ਖੁਦ ਨੰਗਲ ਡੈਮ ਗਏ ਅਤੇ ਫ਼ਾਲਤੂ ਪਾਣੀ ਦੀ ਸਪਲਾਈ ਰੁਕਵਾਈ। ਹੁਣ ਪੰਜਾਬੀ ਕਿਸੇ ਵੀ ਜ਼ਬਰਦਸਤੀ ਨੂੰ ਸਹਿਣ ਵਾਲੇ ਨਹੀਂ ਹਨ। ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਇਕ ਵਾਰ ਫਿਰ ਸਲਾਹ ਦਿੱਤੀ ਕਿ ਜੇ ਪਾਕਿਸਤਾਨ ਵੱਲੋਂ ਰੋਕਿਆ ਗਿਆ ਪਾਣੀ ਪੰਜਾਬ ਦੇ ਡੈਮਾਂ ਵਿੱਚ ਆ ਜਾਂਦਾ ਹੈ ਤਾਂ ਪੰਜਾਬ ਭਾਖੜਾ ਰਾਹੀਂ ਹਰਿਆਣਾ ਨੂੰ ਪਾਣੀ ਦੇ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਛੇ ਵਾਰ ਹਰਿਆਣਾ ਨੂੰ ਪੱਤਰ ਲਿਖ ਕੇ ਚੇਤਾਵਨੀ ਦਿੱਤੀ ਕਿ ਉਹ ਪਾਣੀ ਦੀ ਵਧੇਰੇ ਵਰਤੋਂ ਕਰ ਰਹੇ ਹਨ ਪਰ ਹਰਿਆਣਾ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬੀ.ਬੀ.ਐਮ.ਬੀ (ਭਾਖੜਾ-ਬਿਆਸ ਪ੍ਰਬੰਧਕੀ ਬੋਰਡ) ਨੇ ਪੰਜਾਬ ਵਿਰੁੱਧ ਫੈਸਲਾ ਸੁਣਾਇਆ ਤਾਂ ਤੁਰੰਤ ਸਰਬ ਪਾਰਟੀ ਮੀਟਿੰਗ ਬੁਲਾ ਕੇ ਕੇਂਦਰ ਅਤੇ ਹਰਿਆਣਾ ਨੂੰ ਸਾਫ ਸੁਨੇਹਾ ਦਿੱਤਾ ਗਿਆ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਇਸ ਮਸਲੇ 'ਤੇ ਸੋਮਵਾਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕਈ ਜ਼ਿਲੇ “ਡਾਰਕ ਜ਼ੋਨ” 'ਚ ਚਲੇ ਗਏ ਹਨ ਅਤੇ ਕੁਝ ਥਾਵਾਂ ਤੇ ਪਾਣੀ ਦਾ ਪੱਧਰ 600 ਫੁੱਟ ਤੋਂ ਵੀ ਥੱਲੇ ਚਲਾ ਗਿਆ ਹੈ। ਇਸ ਗੰਭੀਰ ਸੰਕਟ ਨੂੰ ਦੇਖਦਿਆਂ ਸਰਕਾਰ ਨੇ ਨਹਿਰਾਂ ਰਾਹੀਂ ਹਰ ਖੇਤ ਤੱਕ ਪਾਣੀ ਪਹੁੰਚਾਉਣ ਦਾ ਸੰਕਲਪ ਕੀਤਾ ਹੈ। ਗੜ੍ਹਸ਼ੰਕਰ ਵਿੱਚ ਕਰਵਾਏ ਗਏ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਨੂੰ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਸਮੇਤ ਕਈ ਹੋਰ ਸੀਨੀਅਰ ਨੇਤਾਵਾਂ ਨੇ ਵੀ ਸੰਬੋਧਨ ਕੀਤਾ।

# ਕਾਂਗਰਸੀ ਕੌਂਸਲਰਾਂ ਨੇ ਵਿਧਾਇਕ ਧਾਲੀਵਾਲ ਦੀ ਅਗਵਾਈ ਹੇਠ ਨਿਗਮ ਕਮਿਸ਼ਨਰ ਡਾ.ਅਕਸ਼ਿਤਾ ਗੁਪਤਾ ਨਾਲ ਮੁਲਾਕਾਤ ਕੀਤੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com





ਫਗਵਾੜਾ 4 ਮਈ (ਸ਼ਿਵ ਕੌੜਾ) ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਸਮੂਹ ਕੌਂਸਲਰਾਂ ਅਤੇ ਅਹੁਦੇਦਾਰਾਂ ਦਾ ਇੱਕ ਵਫ਼ਦ ਅੱਜ ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਨੂੰ ਮਿਲਿਆ। ਇਸ ਦੌਰਾਨ ਕਾਂਗਰਸੀ ਕੌਂਸਲਰਾਂ ਨੇ ਨਗਰ ਨਿਗਮ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਅਤੇ ਸ਼ਹਿਰ ਵਿੱਚ ਅਧੂਰੇ ਵਿਕਾਸ ਕਾਰਜਾਂ ਨੂੰ ਤੁਰੰਤ ਪੂਰਾ ਕਰਨ ਦੀ ਮੰਗ ਕੀਤੀ। ਵਿਧਾਇਕ ਧਾਲੀਵਾਲ ਨੇ ਨਗਰ ਨਿਗਮ ਕਮਿਸ਼ਨਰ ਨੂੰ ਦੱਸਿਆ ਕਿ ਨਗਰ ਨਿਗਮ ਚੋਣਾਂ ਨੂੰ ਕਈ ਮਹੀਨੇ ਬੀਤ ਗਏ ਹਨ ਪਰ ਸ਼ਹਿਰ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਹੁਸ਼ਿਆਰਪੁਰ ਰੋਡ 'ਤੇ ਸਥਿਤ ਭੁਆ ਧਾਮਰੀ ਸ਼ਮਸ਼ਾਨਘਾਟ ਨੂੰ ਜਾਣ ਵਾਲੀ ਸੜਕ ਨੂੰ ਲੰਬੇ ਸਮੇਂ ਤੋਂ ਪੁੱਟ ਕੇ ਛੱਡ ਦਿੱਤਾ ਗਿਆ ਹੈ। ਜਿਸ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਰਬਨ ਅਸਟੇਟ ਦੇ ਮੁੱਖ ਪ੍ਰਵੇਸ਼ ਦੁਆਰ ਤੋਂ ਲੈ ਕੇ ਸਾਰੀ ਸੜਕ 'ਤੇ ਟੋਏ ਹਨ, ਜਿਨ੍ਹਾਂ ਲਈ ਪੈਚ ਵਰਕ ਵੀ ਨਹੀਂ ਕੀਤਾ ਜਾ ਰਿਹਾ ਹੈ। ਸਟਰੀਟ ਲਾਈਟਾਂ ਦੇ ਪੀਲੇ ਬੱਲਬ ਕੰਮ ਕਰਨ ਦੀ ਹਾਲਤ ਵਿੱਚ ਹੋਣ ਦੇ ਬਾਵਜੂਦ ਹਟਾਏ ਜਾ ਰਹੇ ਹਨ। ਅਵਾਰਾ ਪਸ਼ੂਆਂ ਕਾਰਨ ਹਾਦਸੇ ਵਾਪਰ ਰਹੇ ਹਨ ਅਤੇ ਅਵਾਰਾ ਕੁੱਤਿਆਂ ਦੀ ਬਹੁਤਾਤ ਕਾਰਨ ਲੋਕ ਡਰ ਦੇ ਮਾਰੇ ਆਪਣੇ ਘਰ ਛੱਡਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਦੋ ਮਹੀਨਿਆਂ ਬਾਅਦ ਬਰਸਾਤ ਦਾ ਮੌਸਮ ਆਉਣ ਵਾਲਾ ਹੈ ਪਰ ਸੀਵਰੇਜ ਦੀ ਸਫਾਈ ਨਹੀਂ ਹੋ ਰਹੀ। ਸ਼ਹਿਰ ਦੇ ਅੰਦਰ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਕੂੜੇ ਦੇ ਢੇਰ ਸਮੱਸਿਆ ਦਾ ਇੱਕ ਵੱਖਰਾ ਕਾਰਨ ਹਨ। ਜਿੱਥੇ ਕਈ ਦਿਨਾਂ ਤੋਂ ਕੂੜਾ ਨਾ ਚੁੱਕਿਆ ਜਾਣ ਕਾਰਨ ਸਥਾਨਕ ਨਿਵਾਸੀ ਅਤੇ ਰਾਹਗੀਰ ਜ਼ਹਿਰੀਲੀ ਹਵਾ ਵਿੱਚ ਸਾਹ ਲੈਣ ਲਈ ਮਜਬੂਰ ਹਨ। ਇਸ ਤੋਂ ਇਲਾਵਾ ਸਰਾਏ ਰੋਡ 'ਤੇ ਸਟਾਰਚ ਮਿੱਲ ਦੇ ਨੇੜੇ ਇੱਕ ਸਲੈਬ ਟੁੱਟੀ ਹੋਈ ਹੈ ਜੋ ਹਾਦਸੇ ਦਾ ਕਾਰਨ ਬਣ ਸਕਦੀ ਹੈ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਜਨਤਕ ਹਿੱਤ ਵਿੱਚ ਤੁਰੰਤ ਹੱਲ ਕੀਤਾ ਜਾਵੇ। ਇਸ ਦੌਰਾਨ, ਸ਼ਹਿਰ ਦੇ ਕੌਂਸਲਰ ਅਤੇ ਸਾਬਕਾ ਬਲਾਕ ਮੁਖੀ ਸੰਜੀਵ ਬੱਗਾ ਨੇ ਆਮ ਆਦਮੀ ਪਾਰਟੀ ਸਰਕਾਰ ਦੇ ਕੰਮਕਾਜ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਆਗੂ ਅਤੇ ਕੌਂਸਲਰ ਸ਼ਹਿਰ ਦੀਆਂ ਸਮੱਸਿਆਵਾਂ ਤੋਂ ਅੱਖਾਂ ਮੀਟ ਕੇ ਦੋ ਸਾਲ ਪਹਿਲਾਂ ਹੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਲਈ ਪ੍ਰਚਾਰ ਕਰਨ ਵਿੱਚ ਰੁੱਝੇ ਹੋਏ ਹਨ। ਇਹ ਫਗਵਾੜਾ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਪਹਿਲਾਂ ਸੂਬੇ ਵਿੱਚ ਇੱਕ ਬੇਅਸਰ 'ਆਪ' ਸਰਕਾਰ ਸੀ ਅਤੇ ਹੁਣ ਫਗਵਾੜਾ ਕਾਰਪੋਰੇਸ਼ਨ 'ਤੇ ਵੀ 'ਆਪ' ਪਾਰਟੀ ਨੇ ਜ਼ਬਰਦਸਤੀ ਕਬਜ਼ਾ ਕਰ ਲਿਆ ਹੈ। ਜਿਸ ਕਾਰਨ ਵਿਕਾਸ ਕਾਰਜ ਪੂਰੀ ਤਰ੍ਹਾਂ ਠੱਪ ਹੋ ਗਏ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ 'ਆਪ' ਸਰਕਾਰ ਨੇ ਆਪਣੀ ਕਾਰਜਸ਼ੈਲੀ ਵਿੱਚ ਸੁਧਾਰ ਨਹੀਂ ਕੀਤਾ ਅਤੇ ਸ਼ਹਿਰ ਦੇ ਵਿਕਾਸ ਨੂੰ ਅਣਗੌਲਿਆ ਕਰਨਾ ਜਾਰੀ ਰੱਖਿਆ ਤਾਂ ਇੱਕ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਸਮੂਹ ਕਾਂਗਰਸ ਕੌਂਸਲਰ ਅਤੇ ਅਧਿਕਾਰੀ ਮੌਜੂਦ ਸਨ।

# ਬਾਬਾ ਪੂਰਨ ਦਾਸ ਜੀ ਦੀ 59ਵੀਂ ਬਰਸੀ ਗੁਰਦੁਆਰਾ ਗੁਫਾਸਰ ਸਾਹਿਬ ਪਿੰਡ ਰੇੜਗੜ੍ਹ ,ਪਟਿਆਲਾ ਵਿਖੇ 7-8-9 ਮਈ ਨੂੰ ਮਨਾਈ ਜਾਵੇਗੀ - ਬਲਵਿੰਦਰ ਕੰਗ।

## *ਸਮਾਗਮ ਮੌਕੇ ਸੰਗਤਾਂ ਦੀ ਸੇਵਾ- ਸੰਭਾਲ ਲਈ ਬਾਬਾ ਗੁਰਚਰਨ ਸਿੰਘ ਜੀ ਨੇ ਜਥੇਦਾਰਾਂ ਨਾਲ ਕੀਤੀ ਮੀਟਿੰਗ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੇੜ੍ਹੇਵਾਲ -- ਸੰਤ ਬਾਬਾ ਪੂਰਨ ਦਾਸ ਜੀ ਮਹਾਰਾਜ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ 59 ਵੀਂ ਬਰਸੀ ਮੌਕੇ ਸਮਾਗਮ ਫਕੀਰੇ- ਕੇ-ਬਖਸ਼ਿਸ਼ ਏ ਅਸਥਾਨ ਪ੍ਰਚੀਨ ਉਦਾਸੀਨ ਡੇਰਾ ਗੁਰਦੁਆਰਾ ਗੁਫਾਸਰ ਸਾਹਿਬ ਪਿੰਡ (ਰੇੜਗੜ੍ਹ) ਰੋੜੇਵਾਲ ਸਾਹਿਬ ਪਟਿਆਲਾ ਵਿਖੇ ਮਿਤੀ 7 -8 -9 ਮਈ 2025 ਦਿਨ ਬੁੱਧਵਾਰ, ਵੀਰਵਾਰ ਤੇ ਸ਼ੁੱਕਰਵਾਰ ਨੂੰ ੧੧੧ ਸੰਤ ਬਾਬਾ ਬਲਵੰਤ ਸਿੰਘ ਜੀ ਸਿੱਧਸਰ ਸਿਹੌੜਾ ਸਾਹਿਬ ਵਾਲਿਆਂ ਦੇ ਅਸ਼ੀਰਵਾਦ ਅਤੇ ਬਾਬਾ ਗੁਰਚਰਨ ਸਿੰਘ ਜੀ ਮੌਜੂਦਾ ਗੱਦੀਨਸ਼ੀਨ ਜੀਆਂ ਦੀ ਰੇਖ ਹੇਠ ਸੰਤ ਖਾਲਸਾ ਦਲ, ਇਲਾਕੇ ਦੀ ਸੰਗਤ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਸਾਹਿਬ ਦੀ ਲੜੀ ਨਿਰੰਤਰ ਚਲ ਰਹੀ ਹੈ। ਤਿੰਨ ਦਿਨ ਲਗਾਤਾਰ ਨਿਰੰਤਰ ਦੀਵਾਨ ਸਜਾਏ ਜਾਣਗੇ। ਸਮਾਗਮ ਸਬੰਧੀ ਸੰਗਤਾਂ ਦੀ ਸੇਵਾ ਸੰਭਾਲ ਲਈ ਬਾਬਾ ਗੁਰਚਰਨ ਸਿੰਘ ਜੀ ਮੌਜੂਦਾ ਗੱਦੀਨਸ਼ੀਨ ਵਲੋਂ ਸੰਤ ਖਾਲਸਾ ਦਲ ਦੇ ਜਥੇਦਾਰਾਂ ਨਾਲ ਮੀਟਿੰਗ ਕਰਕੇ ਜਥੇਦਾਰਾਂ ਦੀਆਂ ਡਿਊਟੀਆਂ ਲਗਾਈਆਂ ਤਾਂ ਕਿ ਸਮਾਗਮ ਮੌਕੇ ਸੰਗਤਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ।ਬਾਬਾ ਗੁਰਚਰਨ ਸਿੰਘ ਮੌਜੂਦਾ ਗੱਦੀਨਸ਼ੀਨ ਜੀ ਵਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਬਰਸੀ ਸਮਾਗਮ ਮੌਕੇ ਦੇਸ਼ ਪ੍ਰਦੇਸ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਹਾਜ਼ਰੀ ਭਰਨਗੀਆਂ। ਤਿੰਨੋਂ ਦਿਨ ਮੈਡੀਕਲ ਕੈਂਪ ਲਗਾਏ ਜਾਣਗੇ ਅਤੇ ਸੰਗਤਾਂ ਨੂੰ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ। 9 ਮਈ ਨੂੰ ਮੈਡੀਕਲ ਕੈਂਪ ਤੇ ਖੂਨ ਦਾਨ ਕੈਂਪ ਲਗਾਇਆ ਜਾਵੇਗਾ ਅਤੇ ਬਾਅਦ ਦੁਪਹਿਰ ਭਾਰੀ ਕੁਸ਼ਤੀ ਦੰਗਲ ਕਰਵਾਇਆ ਜਾਵੇਗਾ। ਪ੍ਰਿਤਪਾਲ ਫਗਵਾੜਾ,ਕਮਲ ਡੂਮਛੇੜੀ, ਮਿਰਜ਼ਾ ਈਰਾਨ, ਗੌਰਵ ਮਾਛੀਵਾੜਾ ਅੰਤਰਰਾਸ਼ਟਰੀ ਭਲਵਾਨ ਕੁਸ਼ਤੀ ਦੰਗਲ ਮੌਕੇ ਜੌਹਰ ਦਿਖਾਉਣਗੇ।10 ਮਈ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ। ਮੀਟਿੰਗ ਮੌਕੇ ਬਲਵਿੰਦਰ ਸਿੰਘ ਕੰਗ ਸਰਪੰਚ



ਧੰਨ ਧੰਨ ਬਾਬਾ ਪੂਰਨ ਦਾਸ ਜੀ

ਰੇੜਗੜ੍ਹ, ਬਰਮਾ ਸਿੰਘ ਸਰਪੰਚ ਕਾਨਮੱਠੀ,ਜਗਤਾਰ ਸਿੰਘ ਸਾਬਕਾ ਸਰਪੰਚ ਰੇੜਗੜ੍ਹ, ਜਗਤਾਰ ਸਿੰਘ ਤਾਰੀ ਨੰਬਰਦਾਰ, ਦਰਸ਼ਨ ਸਿੰਘ ਪੰਚ, ਦੀਦਾਰ ਸਿੰਘ ਕਾਂਝਲਾ,ਜੋਰਾ ਸਿੰਘ ਕਾਂਝਲਾ, ਉੱਦਮ ਸਿੰਘ ਜੱਸੋਵਾਲ, ਜਗਦੇਵ ਸਿੰਘ ਮਨੈਜਰ, ਪ੍ਰਗਟ ਸਿੰਘ ਨਿੰਦੂ, ਕਰਮਜੀਤ ਸਿੰਘ , ਬਲਜੀਤ ਸਿੰਘ , ਗੁਰਮੀਤ ਸਿੰਘ ਮੀਤਾ, ਗੁਰਦੀਪ ਸਿੰਘ ਲੰਗ ਹਾਜ਼ਰ ਸਨ।

# ਅੰਬੇਡਕਰੀ ਫਲਸਫੇ ਦਾ ਪ੍ਰਚਾਰ ਹਿੱਤ ਕਾਂਸ਼ੀ ਨਗਰ ਵਿਖੇ ਸਮਾਗਮ ਕਰਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 04 ਮਈ
INTERNATIONAL PAPER, 9463601616
hardipchumber57@gmail.com




ਮਿਤੀ 03 ਮਈ 2025 ਨੂੰ ਡਾ. ਬੀ. ਆਰ. ਅੰਬੇਡਕਰ ਮਿਸ਼ਨ ਸੁਸਾਇਟੀ ਪਿੰਡ ਕਾਂਸ਼ੀ ਨਗਰ ਫਗਵਾੜਾ ਵਲੋਂ ਸਮੂਹ ਐਨ. ਆਰ. ਆਈ. ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਬੁੱਧ ਵੰਦਨਾ ਨਾਲ ਕੀਤੀ ਗਈ । ਨਵੀਂ ਸੋਚ ਕੋਰੀਓਗਰਾਫੀ ਗਰੁੱਪ, ਪੱਦੀ ਖਾਲਸਾ ਵਲੋਂ ਬਾਬਾ ਸਾਹਿਬ ਦੇ ਮਿਸ਼ਨ ਸਬੰਧੀ ਕੋਰਿਓਗਰਾਫੀਆਂ ਪੇਸ਼ ਕੀਤੀਆਂ ਗਈਆਂ । ਪਿੰਡ ਕਾਂਸ਼ੀ ਨਗਰ ਦੇ ਬੱਚਿਆਂ ਵੱਲੋਂ ਵੀ ਕਵਿਤਾਵਾਂ, ਗੀਤ ਅਤੇ ਕੋਰਿਓਗਰਾਫੀਆਂ ਪੇਸ਼ ਕੀਤੀਆਂ ਗਈਆਂ ਜੋ ਸਰੋਤਿਆਂ ਵਲੋਂ ਬਹੁਤ ਪਸੰਦ ਕੀਤੇ ਗਏ । ਸੀਨੀਅਰ ਮਿਸ਼ਨਰੀ ਆਗੂ ਅਸ਼ੋਕ ਸੰਧੂ ਜੀ ਵਲੋਂ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਮਿਸ਼ਨ ਉੱਤੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ । ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਮਿਸ਼ਨਰੀ ਲੇਖਕ ਰਾਜੇਸ਼ ਭਬਿਆਣਾ ਜੀ ਨੇ ਆਪਣੀ ਨਵੀਂ ਪ੍ਰਕਾਸ਼ਿਤ ਪੁਸਤਕ “ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ ਸੰਘਰਸ਼ ਅਤੇ ਮਿਸ਼ਨ” ਡਾ. ਬੀ. ਆਰ. ਅੰਬੇਡਕਰ ਮਿਸ਼ਨ ਸੁਸਾਇਟੀ ਨੂੰ ਭੇਂਟ ਕੀਤੀ । ਪੜ੍ਹਾਈ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਨੂੰ ਸੁਸਾਇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਪ੍ਰਸਿੱਧ ਮਿਸ਼ਨਰੀ ਗਾਇਕ ਗੋਲਡਮੈਡਲਿਸਟ ਬਲਵਿੰਦਰ ਬਿੱਟੂ ਵਲੋਂ ਆਪਣੇ ਮਿਸ਼ਨਰੀ ਗੀਤਾਂ ਨਾਲ ਹਾਜ਼ਰੀ ਲਗਵਾਈ । ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਐਨ. ਆਰ. ਆਈ. ਵੀਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਸੁਸਾਇਟੀ ਵੱਲੋਂ ਐਨ. ਆਰ. ਆਈ. ਵੀਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਅੱਗੇ ਤੋਂ ਵੀ ਉਹਨਾਂ ਵਲੋਂ ਇਸੇ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਕੀਤੀ ਗਈ । ਸਟੇਜ ਸੰਚਾਲਨ ਮਿਸ਼ਨਰੀ ਲੇਖਕ ਬਲਵਿੰਦਰ ਪੁਆਰ ਅਤੇ ਮਨੀ ਅੰਬੇਡਕਰੀ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ । ਪ੍ਰੋਗਰਾਮ ਵਿੱਚ ਪਹੁੰਚਣ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਅਸ਼ੋਕ ਸੰਧੂ, ਮਿਸ਼ਨਰੀ ਲੇਖਕ ਰਾਜੇਸ਼ ਭਬਿਆਣਾ, ਪਿਆਰਾ ਲਾਲ, ਮਨਜੀਤ ਮਾਨ, ਬੰਟੀ ਮੋਰਾਂ ਵਾਲੀਆਂ, ਦੇਸ ਰਾਜ ਸਾਬਕਾ ਸਰਪੰਚ, ਜਸਪਿੰਦਰ ਕੁਮਾਰ ਸਾਬਕਾ ਸਰਪੰਚ, ਬਲਬੀਰ ਕੁਮਾਰ ਸਾਬਕਾ ਸਰਪੰਚ, ਗੁਰਦੇਵ ਚੰਦ ਲੰਬੜਦਾਰ, ਸੰਤੋਖ ਲਾਲ, ਮਾਸਟਰ ਮਨਜੀਤ ਲਾਲ, ਯਸ਼ਪਾਲ, ਰਾਕੇਸ਼ ਕੁਮਾਰ, ਵਿਵੇਕ ਕੈਂਥ, ਮਨਜੀਤ ਗਾਟ, ਧਰਮ ਪਾਲ ਭਿੰਦਾ, ਅਨਿਲ ਕੁਮਾਰ ਨੀਲਾ, ਦਲਜੀਤ ਕੁਮਾਰ, ਹੈਪੀ ਕਾਂਸ਼ੀ ਨਗਰ, ਬਲਬੀਰ ਕੁਮਾਰ ਬੀਰਾ, ਬੌਬੀ ਆਦਿ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ ਵਿੱਚ ਮਨਜੀਤ ਗਾਟ ਅਤੇ ਧਰਮ ਪਾਲ ਭਿੰਦਾ ਵਲੋਂ ਸਮਾਗਮ ਵਿੱਚ ਪਹੁੰਚਣ ਵਾਲੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ ।

# ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਲੋੜਵੰਦ ਬੱਚਿਆਂ ਨੂੰ ਸਕੂਲੀ ਬੈਗ ਵੰਡੇ ਗਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com



ਨਾਭਾ, 4 ਮਈ (ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ) ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਸੇਵਾ ਭਾਰਤੀ ਬਾਲ ਸੰਸਕਾਰ ਕੇਂਦਰ ਹੀਰਾ ਮਹਿਲ ਵਿਖੇ ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਅਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਮੈਂਬਰਾਂ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ ਉਥੇ ਹੀ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਵਰਦੀਆਂ, ਬੂਟ, ਜਰਾਬਾ ਅਤੇ ਸਟੇਸ਼ਨਰੀ ਦਿੱਤੀ ਜਾਂਦੀ ਹੈ ਤਾਂ ਕਿ ਲੋੜਵੰਦ ਬੱਚਿਆਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਇਹ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ ਅਤੇ ਇਹ ਬੱਚੇ ਪੜ੍ਹ ਲਿੱਖ ਕੇ ਆਪਣੇ ਸੂਬੇ ਅਤੇ ਦੇਸ਼ ਦਾ ਨਾਮ ਰੋਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਲੜੀ ਦੇ ਤਹਿਤ ਅੱਜ ਇਹ ਸਕੂਲ ਬੈਗ ਸਾਡੀ ਸੰਸਥਾ ਦੇ ਮੈਂਬਰ ਐਡਵੋਕੇਟ ਯਸ਼ਪਾਲ ਸਿੰਗਲਾ ਅਤੇ ਨਰਿੰਦਰ ਵਰਮਾ ਵੱਲੋਂ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਭਲਾਈ ਦੇ ਕਾਰਜਾਂ ਵਿੱਚ ਸੰਸਥਾ ਦੇ ਮੈਂਬਰਾਂ ਵੱਲੋਂ ਦਿਲ ਖੋਲ ਕੇ ਸਹਿਯੋਗ ਦਿੱਤਾ ਜਾਂਦਾ ਹੈ। ਇਸ ਮੌਕੇ ਭਾਜਪਾ ਮੰਡਲ ਪ੍ਰਧਾਨ ਪਰਮਿੰਦਰ ਗੁਪਤਾ, ਰੇਸ਼ਮਾ ਦੀਦੀ, ,, ਸੰਜੇ ਢੀਂਗਰਾ, ਆਕਾਸ਼ ਜਲੋਟਾ, ਪਵਨ ਸ਼ਰਮਾ, ਹੀਨਾ ਸਿੰਗਲਾ, ਸੁਸ਼ਮਾ ਗਰਗ, ਲਲਿਤਾ ਵਰਮਾ, ਮੈਡਮ ਰਜਨੀ ਮਿੱਤਲ ਆਦਿ ਮੈਂਬਰ ਹਾਜ਼ਰ ਸਨ।

# ਐਡੁਮੌਂਟ ਵਰਲਡ ਸਕੂਲ ਨਾਭਾ ਦੇ ਸੈਸ਼ਨ 2025 ICSE ਬੋਰਡ ਦੇ ਜਮਾਤ ਦਸਵੀਂ ਦੇ ਸ਼ਾਨਦਾਰ ਨਤੀਜੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com



ਨਾਭਾ 5 ਮਈ (ਬਾਂਗਾਂ/ਬੇਅੰਤ ਸਿੰਘ ਰੋਹਟੀ ਖਾਸ)
ਸਾਡੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ CICSE ਜਮਾਤ ਦਸਵੀਂ ਬੋਰਡ ਪਰੀਖਿਆਵਾਂ 2025 ਦੇ ਨਤੀਜੇ, ਜੋ ਕਿ 30 ਅਪ੍ਰੈਲ 2025 ਨੂੰ ਘੋਸ਼ਿਤ ਹੋਏ, ਵਿੱਚ ਐਡੁਮੌਂਟ ਵਰਲਡ ਸਕੂਲ ਨੇ 100% ਪਾਸ ਨਤੀਜੇ ਪ੍ਰਾਪਤ ਕਰਕੇ ਇੱਕ ਹੋਰ ਉਚਾਈ ਦੀ ਬੁਲੰਦੀ ਹਾਸਲ ਕੀਤੀ ਹੈ।
ਸਾਡੇ ਵਿਦਿਆਰਥੀਆਂ ਨੇ ਆਪਣੀ ਮਿਹਨਤ, ਲਗਨ ਅਤੇ ਸਮਰਪਣ ਨਾਲ ਇਹ ਸਫ਼ਲਤਾ ਹਾਸਲ ਕਰਕੇ ਸਾਨੂੰ ਅਤੇ ਸਾਰੇ ਐਡੁਮੌਂਟ ਪਰਿਵਾਰ ਨੂੰ ਮਾਣ ਮਹਿਸੂਸ ਕਰਵਾਇਆ ਹੈ।

ਸਾਡੇ ਮਾਣਯੋਗ ਉੱਚ ਦਰਜੇ ਪ੍ਰਾਪਤ ਕਰਨ ਵਾਲੇ ਵਿਦਿਆਰਥੀ:
ਪਹਿਲਾ ਸਥਾਨ – ਲਾਵਨਿਆ ਜਿੰਦਲ (94.8%)
ਦੂਜਾ ਸਥਾਨ – ਗੁਰਲੀਨ ਕੌਰ (90.6%)
ਤੀਜਾ ਸਥਾਨ – ਦਿਸ਼ਾ (90.4%)

ਇਸ ਬਹੁਤ ਹੀ ਮਾਣਯੋਗ ਮੌਕੇ 'ਤੇ ਸਾਡੇ ਸਤਿਕਾਰਯੋਗ ਡਾਇਰੈਕਟਰ ਮੈਡਮ ਸ਼੍ਰੀਮਤੀ ਕਾਜਲ ਨਾਗਪਾਲ ਜੀ, ਪ੍ਰਿੰਸੀਪਲ ਮੈਡਮ ਸ਼੍ਰੀਮਤੀ ਅੰਜੂ ਸ਼ਰਮਾ ਜੀ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਉਹਨਾਂ ਦੀ ਸਫਲਤਾ ਤੇ ਦਿਲੋਂ ਵਧਾਈ ਦਿੱਤੀ।

ਸਭ ਵਿਦਿਆਰਥੀਆਂ ਨੂੰ ਬਹੁਤ ਬਹੁਤ ਮੁਬਾਰਕਬਾਦ!

ਤੁਸੀਂ ਆਪਣੀ ਮਿਹਨਤ, ਲਗਨ ਅਤੇ ਦ੍ਰਿੜ ਨਿਸ਼ਚੇ ਨਾਲ ਸਿੱਖਿਆ ਦੀ ਦੁਨੀਆਂ ਵਿੱਚ ਇੱਕ ਨਵਾਂ ਮਾਪਦੰਡ ਕਾਇਮ ਕੀਤਾ ਹੈ। ਤੁਹਾਡੀ ਇਹ ਕਾਮਯਾਬੀ ਸਾਰੇ ਐਡੁਮੌਂਟ ਪਰਿਵਾਰ ਲਈ ਗੌਰਵ ਦਾ ਵਿਸ਼ਾ ਹੈ।

ਤੁਹਾਡੇ ਭਵਿੱਖ ਲਈ ਅਸੀਂ ਤੁਹਾਨੂੰ ਅਨੇਕ ਅਸੀਸਾਂ ਦਿੰਦੇ ਹਾਂ। ਪਰਮਾਤਮਾ ਤੁਹਾਨੂੰ ਜ਼ਿੰਦਗੀ ਦੇ ਹਰ ਮੋੜ 'ਤੇ ਕਾਮਯਾਬੀ ਬਖ਼ਸ਼ੇ।

# ਖੇਡ ਲੇਖਕ ਸਰਬਜੀਤ ਮੰਗੂਵਾਲ ਦੇ ਘਰ ਅਨੰਦਪੁਰ ਸਾਹਿਬ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com



ਬੰਗਾ (ਚਰਨਜੀਤ ਸੱਲ੍ਹਾ )ਫੁੱਟਬਾਲ ਕੋਚ ਤੇ ਖੇਡ ਲੇਖਕ ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਕੱਲ ਸਾਨੂੰ ਮਿਲਣ ਲਈ ਅਨੰਦਪੁਰ ਸਾਹਿਬ ਦੀ ਧਰਤੀ ਦੇ ਜੰਮਪਲ ਸੁਰਿੰਦਰ ਕੁਮਾਰ (ਐਮ ਸੀ ਐਮ) ਰੇਲ ਕੋਚ ਫੈਕਟਰੀ ਕਪੂਰਥਲਾ ਦੇ ਮੁਲਾਜ਼ਮ ਆਪਣੀ ਪਤਨੀ ਅਨੀਤਾ ਸ਼ਰਮਾ ਸਮੇਤ ਵਿਸ਼ੇਸ਼ ਤੌਰ ਤੇ ਸਾਨੂੰ ਮਿਲਣ ਲਈ ਮੇਰੇ ਪਿੰਡ ਆਏ। ਫੁੱਟਬਾਲ ਖੇਡ ਦੀ 'ਦਸ਼ਾ ਤੇ ਦਿਸ਼ਾ' ਅਤੇ ਮੌਜੂਦਾ ਖਿਡਾਰੀਆਂ ਬਾਰੇ ਕਾਫੀ ਸਮਾਂ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਰੇਲ ਕੋਚ ਫੈਕਟਰੀ ਵਿੱਚ ਪ੍ਰੋ ਰੇਨੂ ਬਾਲਾ ਨੇ ਸਾਨੂੰ ਆਪ ਦੀ ਲਿਖੀ ਹੋਈ 'ਫੁੱਟਬਾਲ ਦੇ ਅੰਗ-ਸੰਗ'ਬੁਕ ਪੜ੍ਹਨ ਲਈ ਦਿੱਤੀ ਸੀ ਜਿਸ ਨੂੰ ਪੜ੍ਹ ਕੇ ਅਸੀਂ ਬਹੁਤ ਪ੍ਰਭਾਵਿਤ ਹੋਏ ਹਾਂ ਤੇ ਉਦੋਂ ਤੋਂ ਹੀ ਅਸੀਂ ਆਪ ਨੂੰ ਮਿਲਣ ਦੇ ਚਾਹਵਾਨ ਸਾਂ। ਇਸ ਸਮੇਂ ਉਨ੍ਹਾਂ ਨੇ ਕਿਤਾਬ ਲੈਣ ਦੀ ਇੱਛਾ ਵੀ ਪ੍ਰਗਟਾਈ। ਇਸ ਲਈ ਮੈ ਉਨ੍ਹਾਂ ਨੂੰ 'ਫੁੱਟਬਾਲ ਦੇ ਅੰਗ-ਸੰਗ' ਕਿਤਾਬ ਗਿਫਟ ਵੀ ਕੀਤੀ। ਇਸ ਮੌਕੇ ਮੈਡਮ ਸੁਨੀਤਾ ਸ਼ਰਮਾ ਅਤੇ ਸਾਡਾ ਛੋਟਾ ਹੀਰਾ ਰਾਇਨ ਸ਼ਰਮਾ ਵੀ ਮੌਜੂਦ ਰਹੇ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com

# ਸਾਵਧਾਨ, ਹੋਸ਼ਿਆਰ !

ਰੋਮੀ ਘੜਾਮਾਂ
9855281105

"ਸਾਵਧਾਨ!" ਜਿਉਣ ਦਾ ਸਹਾਰਾ ਦੇ ਕੇ ਮਾਰੂਗਾ।
ਮੱਛੀਓ ਮਛੇਰਾ ਥੋਨੂੰ ਚਾਰਾ ਦੇ ਕੇ ਮਾਰੂਗਾ।

ਤੁੰਗਾ ਜਿਹਾ ਖਿੰਡਾਅ ਕੇ ਪਹਿਲਾਂ 'ਕੱਠ ਕਰੂ ਇੱਕ ਜਗ੍ਹਾ,
"ਅਜੇ ਹੋਰ ਬਹੁਤ ਹੈ" ਦਾ ਲਾਰਾ ਦੇ ਕੇ ਮਾਰੂਗਾ।

ਕੁੰਡੀ ਉੱਤੇ ਭੋਜਨ ਸਵਾਦ ਜਿਹਾ ਲਪੇਟ ਕੇ,
ਫਸਾ ਕੇ ਮੂੰਹ 'ਚ ਖਿੱਚਵਾਂ ਹੁਲਾਰਾ ਦੇ ਕੇ ਮਾਰੂਗਾ।

ਅੱਧਮਰੀ ਜੇ ਰਹਿ ਗਈ ਤਾਂ ਜੇਤੂ ਅੰਦਾਜ਼ ਵਿੱਚ,
ਗਰਦਨ ਦੇ ਉੱਤੇ ਛੁਰਾ ਫਿਰ ਦੋਧਾਰਾ ਦੇ ਕੇ ਮਾਰੂਗਾ।

ਘੜਾਮੇਂ ਵਾਲਾ ਰੋਮੀ ਆਖੇ ਲਾਲਚਾਂ ਨੂੰ ਛੱਡ ਦੇਵੋ,
ਨਹੀਂ ਤਾਂ ਨਵੀਂ ਪੀੜ੍ਹੀ ਨੂੰ ਦੁਬਾਰਾ ਦੇ ਕੇ ਮਾਰੂਗਾ।

"ਹੋਸ਼ਿਆਰ!" ਜਿਉਣ ਦਾ ਸਹਾਰਾ ਦੇ ਕੇ ਮਾਰੂਗਾ।
ਮੱਛੀਓ ਮਛੇਰਾ ਥੋਨੂੰ ਚਾਰਾ ਦੇ ਕੇ ਮਾਰੂਗਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com

# ਰਾਹਾਂ ਵਿਚ ਅੰਗਿਆਰ ਬੜੇ ਸੀ।



ਲਾਲ ਸਿੰਘ ਸੁਲਹਾਣੀ
9872155120

ਦੂਰ ਅਸਾਂ ਦੇ ਯਾਰ ਬੜੇ ਸੀ।
ਰਾਹਾਂ ਵਿਚ ਅੰਗਿਆਰ ਬੜੇ ਸੀ।

ਬੁੱਕਲ ਦੇ ਸੱਪਾਂ ਦਾ ਡਰ ਸੀ
ਉੰਝ ਜੁੰਡੀ ਦੇ ਯਾਰ ਬੜੇ ਸੀ।

ਮੂੰਹ ਦੇ ਮਿੱਠੇ ਰਿਸ਼ਤੇ ਨਾਤੇ,
ਅੰਦਰੋਂ ਖਾਂਦੇ ਖਾਰ ਬੜੇ ਸੀ।

ਆਪਣੇ ਬਣਕੇ ਖੰਭ ਕੁਤਰਗੇ,
ਸੱਜਣ -ਯਾਰ, ਮਕਾਰ ਬੜੇ ਸੀ।

ਇਕ ਇਕ ਕਰਕੇ ਪਰ੍ਹਾਂ ਹਟਾਏ,
ਬਣ ਕੇ ਖੜ੍ਹੇ, ਦੀਵਾਰ ਬੜੇ ਸੀ।

ਅਕਿਰਤਘਣਾਂ ਦੀ ਵੱਡੀ ਫੌਜ,
ਧਰਤੀ ਉੱਪਰ ਭਾਰ ਬੜੇ ਸੀ।

ਜ਼ਿਕਰ ਨਹੀਂ ਕਾਮੇ ਕਿਰਤੀ ਦਾ,
ਛਪਦੇ ਨਿੱਤ ਅਖ਼ਬਾਰ ਬੜੇ ਸੀ।

ਇਕ ਬਾਝੋਂ ਗਲ ਲਾਉਂਦਾ ਕੌਣ
ਦਿਸਦੇ ਬੇਸ਼ੱਕ ਯਾਰ ਬੜੇ ਸੀ।

ਨਾਲ ਹੌਸਲੇ ਕੀਤੇ ਚਿੱਤ ਉਹ,
ਦੁਸ਼ਮਣ ਕਰਦੇ ਵਾਰ ਬੜੇ ਸੀ।

ਲੁੱਟਿਆ ਗਿਆ ਦਿਨ ਦੀਵੀਂ ਬਾਗ਼,
ਮਾਲੀ, ਚੌਕੀਦਾਰ ਬੜੇ ਸੀ।

ਦੀਪ ਗਿਆਨ ਜਗਾਇਆ 'ਲਾਲ',
ਰਾਹ ਵਿਚ ਨੇਰ੍ਹ ਗੁਬਾਰ ਬੜੇ ਸੀ।

ਦੂਰ ਅਸਾਂ ਦੇ ਯਾਰ ਬੜੇ ਸੀ।
ਰਾਹਾਂ ਵਿਚ ਅੰਗਿਆਰ ਬੜੇ ਸੀ।

# ਫੋਰਟਿਜ਼ ਮਾਲ ਰੋਡ, ਲੁਧਿਆਣਾ ਵਲੋਂ ਕਰਨ ਹਸਪਤਾਲ ਬੰਗਾ ਵਿਖੇ ਮੁਫ਼ਤ ਮੈਡੀਕਲ ਕੈਂਪ ਲਾਇਆ

## ਇਲਾਕੇ ਦੇ ਲੋਕਾਂ ਨੇ ਭਾਰੀ ਗਿਣਤੀ 'ਚ ਪੁੱਜ ਕੇ ਲਿਆ ਲਾਭ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 04 ਮਈ INTERNATIONAL PAPER, 94636 01616 hardipchumber57@gmail.com





ਬੰਗਾ, 4 ਮਈ (ਚਰਨਜੀਤ ਸੱਲਾਂ) ਲੁਧਿਆਣੇ ਦੇ ਮਾਲ ਰੋਡ 'ਤੇ ਸਥਾਪਿਤ ਫੋਰਟਿਜ਼ ਹਸਪਤਾਲ ਵਲੋਂ ਬੰਗਾ ਦੇ ਕਰਨ ਹਸਪਤਾਲ ਵਿਖੇ ਵੱਖ ਵੱਖ ਬਿਮਾਰੀਆਂ ਦੀ ਜਾਂਚ ਦਾ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਇਲਾਕੇ ਦੇ ਵੱਖ ਵੱਖ ਪਿੰਡਾਂ ਤੋਂ ਲੋਕਾਂ ਨੇ ਭਾਰੀ ਗਿਣਤੀ ਵਿੱਚ ਪੁੱਜ ਕੇ ਲਾਭ ਹਾਸਲ ਕੀਤਾ।

ਇਸ ਕੈਂਪ ਵਿੱਚ ਕੰਨ, ਨੱਕ, ਗਲੇ, ਜਨਰਲ ਮੈਡੀਸਨ, ਛਾਤੀ, ਟੀ. ਬੀ. ਦੇ ਰੋਗਾਂ, ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦੀ ਜਾਂਚ ਕੀਤੀ ਗਈ। ਇਹਨਾਂ ਬਿਮਾਰੀਆਂ ਦੀ ਜਾਂਚ ਕਰਨ ਲਈ ਡਾ. ਕਰਨ ਬਖਸ਼ੀਸ਼ ਸਿੰਘ, ਡਾ. ਕੇਸ਼ਿਸ਼ ਦੱਤਾ, ਡਾ. ਸਾਹਿਲ ਅਗਰੌਲ ਦੀ ਅਗਵਾਈ ਵਾਲੀਆਂ ਮੈਡੀਕਲ ਟੀਮਾਂ ਨੇ ਸੇਵਾਵਾਂ ਨਿਭਾਈਆਂ। ਇਹਨਾਂ ਮੈਡੀਕਲ ਮਾਹਿਰਾਂ ਨੇ ਕਿਹਾ ਕਿ ਸਾਨੂੰ ਤੰਦਰੁਸਤੀ ਹਿੱਤ ਸਮੇਂ ਸਮੇਂ ਆਪਣੀ ਸਿਹਤ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਕਿਸੇ ਕਿਸਮ ਦੀ ਬਿਮਾਰੀ ਦੀ ਮੁੱਢਲੀ ਰੋਕ ਹੋ ਸਕੇ।

ਕਰਨ ਹਸਪਤਾਲ ਬੰਗਾ ਦੇ ਮੁੱਖ ਪ੍ਰਬੰਧਕ ਡਾ. ਬਖਸ਼ੀਸ਼ ਸਿੰਘ ਅਤੇ ਡਾ. ਬਲਵੀਰ ਕੌਰ ਨੇ ਉਕਤ ਹਸਪਤਾਲ ਦੀ ਮੈਡੀਕਲ ਟੀਮ ਦਾ ਸਵਾਗਤ ਕੀਤਾ। ਉਹਨਾਂ ਕਿਹਾ ਕਿ ਅਜਿਹੇ ਕੈਂਪ ਜਿੱਥੇ ਲੋਕਾਂ ਲਈ ਮੁਫ਼ਤ ਸੇਵਾਵਾਂ ਪੱਖੋਂ ਲਾਹੇਵੰਦ ਸਾਬਤ ਹੁੰਦੇ ਹਨ ਉੱਥੇ ਸਿਹਤ ਜਾਗਰੂਕਤਾ ਦੀ ਵੱਡੀ ਪ੍ਰੇਰਨਾ ਵੀ ਦਿੰਦੇ ਹਨ। ਦੱਸਣਯੋਗ ਹੈ ਕਿ ਕੈਂਪ ਦੌਰਾਨ ਬਲੱਡ ਪ੍ਰੈਸ਼ਰ, ਸ਼ੂਗਰ, ਈ. ਸੀ. ਜੀ., ਪੀ. ਐੱਫ. ਟੀ. ਅਤੇ ਡਾਕਟਰ ਦੀ ਸਲਾਹ ਦੀ ਕੋਈ ਵੀ ਫ਼ੀਸ ਨਹੀਂ ਲਈ ਅਤੇ ਲੋੜੀਦੀਆਂ ਦਵਾਈਆਂ ਵੀ ਮੁਫ਼ਤ ਪ੍ਰਦਾਨ ਕੀਤੀਆਂ ਗਈ ਆਂ। ਇਸ ਮੌਕੇ ਫੋਰਟਿਜ਼ ਦੇ ਮੈਡੀਕਲ ਸਟਾਫ਼ ਵਿੱਚ ਸਿਮਰਨਜੀਤ ਕੌਰ, ਸੰਦੀਪ ਕੌਰ, ਯੋਗੇਸ਼ ਜੀ. ਡੀ. ਏ., ਰੋਹਿਤ ਮਾਰਕਿਟਿੰਗ ਵਿਭਾਗ, ਸਰਬਜੀਤ ਸਿੰਘ ਅਤੇ ਚੰਦਰ ਮੋਹਣ ਵੀ ਸ਼ਾਮਲ ਸਨ। ਇਸ ਮੌਕੇ ਸਮੂਹ ਹਾਜ਼ਰੀਨ ਲਈ ਠੰਡੇ ਜਲ ਅਤੇ ਚਾਹ ਦਾ ਵੀ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ।

**ਲਾਭਪਾਤਰੀਆਂ ਨੇ ਪ੍ਰਸੰਨਤਾ ਪ੍ਰਗਟਾਈ...**

